SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 22* Issue 159 | Thursday, August 24, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਉੱਤੇ ਫਰੀਲੈਂਡ ਨੂੰ ਹੋਇਆ ਜੁਰਮਾਨਾ



ਅਲਬਰਟਾ, 23 ਅਗਸਤ (ਪੋਸਟ ਬਿਊਰੋ): ਪਿਛਲੇ ਹਫਤੇ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਤੇਜ਼ ਰਫਤਾਰ ਗੱਡੀ ਚਲਾਉਣ ਕਾਰਨ ਜੁਰਮਾਨਾ ਕੀਤਾ ਗਿਆ। ਬੁੱਧਵਾਰ ਨੂੰ ਪ੍ਰਿੰਸ ਐਡਵਰਡ ਆਈਲੈਂਡ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਕਾਰਨ ਉਨ੍ਹਾਂ ਨੂੰ ਜੁਰਮਾਨਾ ਕੀਤਾ ਗਿਆ। ਫਰੀਲੈਂਡ ਨੇ ਆਖਿਆ ਕਿ ਉਹ ਗ੍ਰੈਂਡ ਪ੍ਰੇਰੀ ਤੇ ਪੀਸ ਰਿਵਰ ਦਰਮਿਆਨ ਡਰਾਈਵ ਕਰ ਰਹੀ ਸੀ ਜਦੋਂ ਉਨ੍ਹਾਂ ਨੂੰ ਟਰੈਫਿਕ ਪੁਲਿਸ ਵੱਲੋਂ ਰੋਕ ਲਿਆ ਗਿਆ। ਉਨ੍ਹਾਂ ਆਖਿਆ ਕਿ ਉਹ ਭਵਿੱਖ ਵਿੱਚ ਅਜਿਹਾ ਨਹੀਂ ਕਰੇਗੀ। ਅਲਬਰਟਾ ਦੇ ਹਾਈਵੇਅਜ਼ ਉੱਤੇ ਵੱਧ ਤੋਂ ਵੱਧ ਸਪੀਡ 110 ਕਿਲੋਮੀਟਰ ਪ੍ਰਤੀ ਘੰਟਾ ਹੈ ਜਦਕਿ ਫਰੀਲੈਂਡ 132 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਜਾ ਰਹੀ ਸੀ। ਉਨ੍ਹਾਂ ਨੂੰ 273 ਡਾਲਰ ਦਾ ਜੁਰਮਾਨਾ ਲਾਇਆ ਗਿਆ। ਡਾਊਨਟਾਊਨ ਟੋਰਾਂਟੋ ਹਲਕੇ ਦੀ ਨੁਮਾਇੰਦਗੀ ਕਰਨ ਵਾਲੀ ਫਰੀਲੈਂਡ ਜੰਗਲ ਦੀ ਅੱਗ ਕਾਰਨ ਬੇਘਰ ਹੋਏ ਲੋਕਾਂ, ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਤੇ ਐਨਰਜੀ ਸੈਕਟਰ ਦੇ ਆਗੂਆਂ ਨਾਲ ਮੁਲਾਕਾਤ ਲਈ ਆਪਣੇ ਹੋਮ ਪ੍ਰੋਵਿੰਸ ਵਿੱਚ ਸੀ।

## ਨੌਜਵਾਨਾਂ ਦੇ ਭਵਿੱਖ, ਹਾਊਸਿੰਗ ਤੇ ਕਲਾਈਮੇਟ ਬਾਰੇ ਫੋਕੇ ਲਾਰੇ ਲਾ ਕੇ ਟਰੂਡੋ ਨੇ ਸਮੇਟਿਆ ਰਟਰੀਟ ਸਮਾਰੋਹ



ਸ਼ਾਰਲੈਟਟਾਊਨ, 23 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਾਰਲੈਟਟਾਊਨ, ਪ੍ਰਿੰਸ ਐਡਵਰਡ ਆਈਲੈਂਡ ਵਿਖੇ ਚੱਲ ਰਹੇ ਲਿਬਰਲ ਪਾਰਟੀ ਦੇ ਤਿੰਨ ਰੋਜ਼ਾ ਰਟਰੀਟ ਸਮਾਰੋਹ ਨੂੰ ਸਮੇਟਦਿਆਂ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਕਿ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਉਹ ਹੋਰ ਨਿੱਠ ਕੇ ਕੰਮ ਕਰਨਗੇ।

ਹਾਊਸਿੰਗ ਅਫੋਰਡੇਬਿਲਿਟੀ ਤੋਂ ਲੈ ਕੇ ਕਲਾਈਮੇਟ ਚੇਂਜ ਤੱਕ ਦੀ ਗੱਲ ਕਰਦਿਆਂ ਟਰੂਡੋ ਨੇ ਸਿੱਧਿਆਂ ਉਨ੍ਹਾਂ ਕਮਿਊਨਿਟੀਜ਼ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਪਿਛਲੀਆਂ ਚੋਣਾਂ ਵਿੱਚ ਉਨ੍ਹਾਂ ਦੇ ਹੱਥ ਮਜ਼ਬੂਤ ਕੀਤੇ ਸਨ। ਪਰ ਦੂਜੇ ਪਾਸੇ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਕੈਨੇਡੀਅਨਜ਼ ਨੂੰ ਉਨ੍ਹਾਂ ਚੁਣੌਤੀਆਂ ਤੇ ਸੰਕਟਾਂ ਬਾਰੇ ਜਾਣੂ ਕਰਵਾਉਂਦੇ ਫਿਰ ਰਹੇ ਹਨ ਜਿਨ੍ਹਾਂ ਨਾਲ ਇਸ ਸਮੇਂ ਦੇਸ਼ ਨੂੰ ਦੋ ਚਾਰ ਹੋਣਾ ਪੈ ਰਿਹਾ ਹੈ।

ਟਰੂਡੋ ਨੇ ਆਖਿਆ ਕਿ ਉਹ ਨੌਜਵਾਨ ਕੈਨੇਡੀਅਨਜ਼ ਨੂੰ ਇਹ ਆਖਣਾ ਚਾਹੁੰਦੇ ਹਨ ਕਿ ਪਹਿਲਾਂ ਉਨ੍ਹਾਂ ਨੂੰ ਲਗਾਤਾਰ ਦੋ ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਕੋਵਿਡ ਦੀ ਮਾਰ ਸਹਿਣੀ ਪਈ, ਫਿਰ ਗਲੋਬਲ ਮਹਿੰਗਾਈ ਤੇ ਵੱਧ ਰਹੀਆਂ ਵਿਆਜ਼ ਦਰਾਂ ਕਾਰਨ ਉਹ ਪਿਸ ਕੇ ਰਹਿ ਗਏ। ਇਸ ਤਰ੍ਹਾਂ ਦੀਆਂ ਅਲਾਮਤਾਂ ਕਾਰਨ ਉਨ੍ਹਾਂ ਦੀ ਸਿੱਖਿਆ, ਪਹਿਲੀ ਜੌਬ, ਕਰੀਅਰ ਦੀ ਸ਼ੁਰੂਆਤ ਤੇ ਨੈੱਟਵਰਕ ਆਦਿ ਉੱਤੇ ਸਿੱਧਾ ਅਸਰ ਪਿਆ। ਟਰੂਡੋ ਨੇ ਦੱਸਿਆ ਕਿ ਘਰ ਖਰੀਦਣ ਲਈ ਬਚਤ ਵਿੱਚ ਮਦਦ ਕਰਨ ਤੇ ਸਟੂਡੈਂਟ ਲੋਨ ਉੱਤੇ ਵਿਆਜ਼ ਖ਼ਤਮ ਕਰਕੇ ਉਹ ਕਿਸ ਤਰ੍ਹਾਂ ਵਿਦਿਆਰਥੀਆਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਹ ਤਾਂ ਕੁੱਝ ਵੀ ਨਹੀਂ ਅਜੇ ਤਾਂ ਉਹ ਵਿਦਿਆਰਥੀਆ ਤੇ ਨੌਜਵਾਨਾਂ ਲਈ ਕਾਫੀ ਕੁੱਝ ਕਰਨਗੇ। ਜ਼ਿਕਰਯੋਗ ਹੈ ਕਿ ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਇਸ ਸਮੇਂ ਮਿਲੇਨੀਅਲਜ਼ ਵਿੱਚ ਕੰਜ਼ਰਵੇਟਿਵਾਂ ਨਾਲੋਂ ਲਿਬਰਲ ਪਾਰਟੀ 11 ਅੰਕ ਪਿੱਛੇ ਚੱਲ ਰਹੀ ਹੈ ਤੇ ਜੈਂਜੀਜ਼ ਵੋਟਰਾਂ ਵਿੱਚ ਕੰਜ਼ਰਵੇਟਿਵਾਂ ਦੇ ਮੁਕਾਬਲੇ ਲਿਬਰਲ ਪਾਰਟੀ ਚਾਰ ਅੰਕ ਪਿੱਛੇ ਹੈ।

ਇਸ ਤੋਂ ਇਲਾਵਾ ਟਰੂਡੋ ਨੇ ਆਖਿਆ ਕਿ ਇਸ ਸਮੇਂ ਹਾਊਸਿੰਗ ਉਨ੍ਹਾਂ ਦੀ ਪਾਰਟੀ ਦੀ ਮੁੱਖ ਤਰਜੀਹ ਹੈ। ਪਰ ਇਸ ਰਟਰੀਟ ਸਮਾਰੋਹ ਨੂੰ ਸਮੇਟਦੇ ਸਮੇਂ ਟਰੂਡੋ ਨੇ ਇਸ ਬਾਰੇ ਕੋਈ ਵੀ ਠੋਸ ਕਾਰਵਾਈ ਕਰਨ ਬਾਰੇ ਕੋਈ ਐਲਾਨ ਨਹੀਂ ਕੀਤਾ।ਇਸੇ ਤਰ੍ਹਾਂ ਕਲਾਈਮੇਟ ਸਬੰਧੀ ਮੁੱਦਿਆਂ ਨੂੰ ਵੀ ਟਰੂਡੋ ਨੇ ਗੰਭੀਰ ਦੱਸਿਆ ਪਰ ਉਸ ਬਾਰੇ ਕਿਸੇ ਵੀ ਤਰ੍ਹਾਂ ਦੀ ਨਵੀਂ ਪਾਲਿਸੀ ਜਾਂ ਕਿਸੇ ਪਹਿਲ ਦੀ ਗੱਲ ਨਹੀਂ ਕੀਤੀ ਗਈ।

## ਇਮੀਗ੍ਰੇਸ਼ਨ ਮੰਤਰਾਲੇ ਨੂੰ ਖੋਰਾ ਲਾਉਣ ਲਈ ਪੌਲੀਏਵਰ ਨੇ ਫਰੇਜ਼ਰ ਦੀ ਕੀਤੀ ਆਲੋਚਨਾ



ਓਟਵਾ, 23 ਅਗਸਤ (ਪੋਸਟ ਬਿਊਰੋ) : ਓਟਵਾ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਇਮੀਗ੍ਰੇਸ਼ਨ ਡਿਪਾਰਟਮੈਂਟ ਨੂੰ ਨੁਕਸਾਨ ਪਹੁੰਚਾਉਣ ਲਈ ਸਾਬਕਾ ਫੈਡਰਲ ਇਮੀਗ੍ਰੇਸ਼ਨ ਮੰਤਰੀ ਦੀ ਨਿਖੇਧੀ ਕੀਤੀ। ਉਨ੍ਹਾਂ ਇਸ ਗੱਲ ਉੱਤੇ ਵੀ ਹੈਰਾਨੀ ਪ੍ਰਗਟਾਈ ਕਿ ਕਿਸ ਤਰ੍ਹਾਂ ਕੈਨੇਡਾ ਵਿੱਚ ਔਸਤ ਮਾਰਗੇਜ ਪੇਅਮੈਂਟ 3500 ਡਾਲਰ ਤੱਕ ਅੱਪੜ ਚੁੱਕੀ ਹੈ।

ਜਦੋਂ ਉਨ੍ਹਾਂ ਤੋਂ ਇਹ ਜਾਣਣ ਦੀ ਕੋਸ਼ਿਸ਼ ਕੀਤੀ ਗਈ ਕਿ ਦੇਸ਼ ਦੇ ਹਾਊਸਿੰਗ ਸੰਕਟ ਲਈ ਨਵੇਂ ਹਾਊਸਿੰਗ ਮੰਤਰੀ ਤੇ ਸਾਬਕਾ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਕੌਮਾਂਤਰੀ ਵਿਦਿਆਰਥੀਆਂ ਨੂੰ ਦੋਸ਼ੀ ਮੰਨਦੇ ਹਨ ਤੇ ਇਸ ਬਾਰੇ ਉਨ੍ਹਾਂ ਦੀ ਕੀ ਰਾਇ ਹੈ ਤਾਂ ਪੌਲੀਏਵਰ ਨੇ ਆਖਿਆ ਕਿ ਇਮੀਗ੍ਰੇਸ਼ਨ ਮੰਤਰਾਲੇ ਦਾ ਵਧੇਰੇ ਨੁਕਸਾਨ ਸਾਬਕਾ ਇਮੀਗ੍ਰੇਸ਼ਨ ਮੰਤਰੀ ਫਰੇਜ਼ਰ ਵੱਲੋਂ ਆਪ ਕੀਤਾ ਗਿਆ ਹੈ। ਪੌਲੀਏਵਰ ਨੇ ਆਖਿਆ ਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਮੀਗ੍ਰੇਸ਼ਨ ਪ੍ਰੋਗਰਾਮ ਦਾ ਭੱਠਾ ਫਰੇਜ਼ਰ ਨੇ ਬਿਠਾਇਆ ਹੈ। ਉਨ੍ਹਾਂ ਆਖਿਆ ਕਿ ਹੁਣ ਜਦੋਂ ਫਰੇਜ਼ਰ ਹਾਊਸਿੰਗ ਮੰਤਰੀ ਬਣ ਗਏ ਹਨ ਤਾਂ ਇੰਜ ਗੱਲ ਕਰਦੇ ਹਨ ਜਿਵੇਂ ਉਹ ਮੁੱਖ ਵਿਰੋਧੀ ਧਿਰ ਵੱਲੋਂ ਇਮੀਗ੍ਰੇਸ਼ਨ ਕ੍ਰਿਟਿਕ ਹੋਣ। ਉਹ ਇਹ ਭੁੱਲ ਜਾਂਦੇ ਹਨ ਕਿ ਉਹ ਉਨ੍ਹਾਂ ਪ੍ਰੋਗਰਾਮਾਂ ਦੀ ਹੀ ਨੁਕਤਾਚੀਨੀ ਕਰ ਰਹੇ ਹੁੰਦੇ ਹਨ ਜਿਨ੍ਹਾਂ ਨੂੰ ਦੋ ਹਫਤੇ ਪਹਿਲਾਂ ਤੱਕ ਉਹ ਆਪ ਚਲਾ ਰਹੇ ਸਨ ਤੇ ਜਿਨ੍ਹਾਂ ਬਾਰੇ ਬਹੁਤ ਹੁੱਭ ਕੇ ਦੱਸ ਰਹੇ ਸਨ।

ਉਨ੍ਹਾਂ ਐਥਨਿਕ ਤੇ ਮਲਟੀਕਲਚਰਲ ਮੀਡੀਆ ਦੀ ਸਿਫਤ ਕਰਦਿਆਂ ਆਖਿਆ ਕਿ ਇਸ ਸੰਕਟ ਬਾਰੇ ਕੈਨੇਡੀਅਨਜ਼ ਦੀਆਂ ਦਿੱਕਤਾਂ ਸਾਂਝੀਆਂ ਕਰਨ ਦਾ ਸਿਹਰਾ ਐਥਨਿਕ ਮੀਡੀਆ ਸਿਰ ਬੱਝਦਾ ਹੈ ਨਹੀਂ ਤਾਂ ਲਿਬਰਲਾਂ ਦਾ ਵੱਸ ਚੱਲੇ ਤਾਂ ਉਹ ਇਸ ਬਾਰੇ ਗੱਲ ਹੀ ਨਾ ਕਰਨ ਦੇਣ।

ਪੌਲੀਏਵਰ ਨੇ ਇਹ ਵੀ ਆਖਿਆ ਕਿ ਅੱਜ ਨਵੇਂ ਇਮੀਗ੍ਰੈਂਟਸ ਤੇ ਇੰਟਰਨੈਸ਼ਨਲ ਵਿਦਿਆਰਥੀ ਜਿਸ ਤਕਲੀਫ ਤੇ ਤੰਗੀ ਵਿੱਚੋਂ ਨਿਕਲ ਰਹੇ ਹਨ ਉਨ੍ਹਾਂ ਲਈ ਵੀ ਫਰੇਜ਼ਰ ਹੀ ਜ਼ਿੰਮੇਵਾਰ ਹਨ। ਉਨ੍ਹਾਂ ਆਖਿਆ ਕਿ ਅਸੀਂ ਕੰਜ਼ਰਵੇਟਿਵ ਹੋਣ ਨਾਤੇ ਇਹ ਯਕੀਨੀ ਬਣਾਵਾਂਗੇ ਕਿ ਇੰਟਰਨੈਸ਼ਨਲ ਵਿਦਿਆਰਥੀਆਂ ਕੋਲ ਘਰ, ਹੈਲਥਕੇਅਰ ਵਰਗੀਆਂ ਸਹੂਲਤਾਂ ਹੋਣ ਤੇ ਜਦੋਂ ਉਹ ਚਾਹੁਣ ਨੌਕਰੀ ਕਰ ਸਕਣ। ਅਜਿਹਾ ਇਸ ਲਈ ਵੀ ਜ਼ਰੂਰੀ ਹੈ ਕਿ ਸਾਡੀਆਂ ਯੂਨੀਵਰਸਿਟੀਜ਼ ਦੁਨੀਆਂ ਭਰ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਆਕਰਸ਼ਿਤ ਕਰ ਸਕਣ, ਸਾਡੇ ਦੇਸ਼ ਦੀਆਂ ਡੈਮੋਗ੍ਰੈਫਿਕ ਦਿੱਕਤਾਂ ਨੂੰ ਦੂਰ ਕਰ ਸਕਣ। ਇਸ ਦੇ ਨਾਲ ਹੀ ਸਾਨੂੰ ਇਹ ਧਿਆਨ ਵੀ ਰੱਖਣਾ ਹੋਵੇਗਾ ਕਿ ਲੋਕਾਂ ਨੂੰ ਗੰਦਗੀ ਵਿੱਚ ਰਹਿਣ ਲਈ ਨਾ ਛੱਡਿਆ ਜਾਵੇ, ਉਹ ਮਨੁੱਖੀ ਸਮਗਲਿੰਗ ਤੇ ਨਸ਼ਿਆਂ ਦੀ ਓਵਰਡੋਜ਼ ਦਾ ਸ਼ਿਕਾਰ ਨਾ ਹੋਣ, ਜਿਨ੍ਹਾਂ ਮੁਸ਼ਕਲਾਂ ਤੋਂ ਫਰੇਜ਼ਰ ਨੇ ਮੂੰਹ ਮੋੜੀ ਰੱਖਿਆ।

ਉਨ੍ਹਾਂ ਅੱਗੇ ਆਖਿਆ ਕਿ ਇਸ ਸੱਭ ਦੇ ਬਾਵਜੂਦ ਲਿਬਰਲਾਂ ਵੱਲੋਂ ਫਰੇਜ਼ਰ ਨੂੰ ਤਰੱਕੀ ਦੇ ਕੇ ਹਾਊਸਿੰਗ ਮੰਤਰੀ ਬਣਾ ਦਿੱਤਾ ਜਾਣਾ ਤਾਂ ਹੋਰ ਵੀ ਕਮਾਲ ਦੀ ਗੱਲ ਹੈ।ਇਸੇ ਮੰਤਰੀ ਨੇ ਤਾਂ ਰਫਿਊਜੀਜ਼ ਨੂੰ ਸੜਕਾਂ ਉੱਤੇ ਰੋਲ ਦਿੱਤਾ, ਪੁਲਾਂ ਥੱਲੇ ਆਸਰਾ ਲੈਣ ਲਈ ਮਜਬੂਰ ਕੀਤਾ ਤੇ ਹੁਣ ਉਹ ਹਾਊਸਿੰਗ ਮੰਤਰੀ ਹੈ? ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਟਰੂਡੋ ਦੇ ਰਾਜ ਵਿੱਚ ਹਾਊਸਿੰਗ ਕੀਮਤਾਂ ਦੁੱਗਣੀਆਂ ਕਿਉਂ ਹੋਈਆਂ?


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
UNBEATABLE DEALS FOR THE WEEK
AT OURR HOME APPLIANCES!
REGULAR PACKAGE $3599
SWITCH TO ELECTRIC STOVE IN $0
JENNAIR CAFÉ KitchenAid Electrolux LG FRIGIDAIRE elica BOSCH Whirlpool GE MAYTAG AMANA SAMSUNG Hisense Danby
Unit #1, 241 Clarence Street, Brampton, ON, L6W 3E7, (416) 551-3343 | 44 Fasken Dr, Unit#2-9, Etobicoke, ON, M9W 5M8, (416) 792-0877 | 5781 Highway 7 Unit 10, Vaughan, ON, L4L 1T8, (416) 477-5556 | 1050 Speers Road, Oakville, ON, L6L 2X4, (416) 613-0555 | Unit #6 - 410 Lewis Road, Stoney Creek, ON, L8E 5Y7, (905) 643-0818 | Unit #4 -1540 Fanshawe Park Road West, London, ON, N6H 5L8, (519) 641-1010
416-551-5553 | www.ourrhomeappliances.com

Allstate. You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company. 232374 | 6-23

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵੱਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial
Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਕਮਿਊਨਿਟੀ ਇਨਫਰਾਸਟ੍ਰਕਚਰ ਵਿੱਚ ਵਾਧੇ ਲਈ ਸਹੋਤਾ ਨੇ ਕੀਤਾ 750 ਹਜ਼ਾਰ ਡਾਲਰ ਫੈਡਰਲ ਨਿਵੇਸ਼ ਦਾ ਐਲਾਨ

ਬਰੈਂਪਟਨ, 23 ਅਗਸਤ (ਪੋਸਟ ਬਿਊਰੋ) : ਬਰੈਂਪਟਨ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਸਿਟੀ ਦੇ ਮੇਅਰ ਪੈਟ੍ਰਿਕ ਬ੍ਰਾਊਨ ਦੀ ਹਾਜ਼ਰੀ ਵਿੱਚ ਫੈਡਰਲ ਕੈਨੇਡਾ ਕ ਮਿ ਊ ਨਿ ਟੀ ਰੀਵਾਈਟੇਲਾਈਜ਼ੇਸ਼ਨ ਫੰਡ (ਸੀਸੀਆਰਐਫ) ਤਹਿਤ ਬਰੈਂਪਟਨ ਨੌਰਥ ਰੀਜਨ ਦੀ ਖੂਬਸੂਰਤੀ ਨੂੰ ਹੋਰ ਵਧਾਉਣ ਲਈ 750 ਹਜ਼ਾਰ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ।



ਇਸ ਨਿਵੇਸ਼ ਨਾਲ ਬਰੈਂਪਟਨ ਨੌਰਥ ਦੇ ਬੱਚਿਆਂ ਤੇ ਪਰਿਵਾਰਾਂ ਲਈ ਆਊਟਡਰ ਸਪੇਸਿਜ਼ ਤੱਕ ਪਹੁੰਚ ਵਿੱਚ ਵਾਧਾ ਕਰਨ ਦੇ ਨਾਲ ਨਾਲ ਮਨੋਰੰਜਨ ਵਾਲੀਆਂ ਥਾਂਵਾਂ ਨੂੰ ਹੋਰ ਬਿਹਤਰ ਬਣਾਇਆ ਜਾਵੇਗਾ ਤੇ ਸੈਸਕੁਈਸੈਂਟੇਨੀਅਲ ਪਾਰਕ ਦੀ ਖੂਬਸੂਰਤੀ ਨੂੰ ਵਧਾਇਆ ਜਾਵੇਗਾ। ਇਸ ਪ੍ਰੋਜੈਕਟ ਤਹਿਤ ਹਰ ਉਮਰ ਤੇ ਸਮਰੱਥਾ ਵਾਲੇ ਲੋਕਾਂ ਲਈ ਹੱਬ ਤਿਆਰ ਕੀਤਾ ਜਾਵੇਗਾ ਜਿਸ ਵਿੱਚ ਨਿਵੇਕਲੇ ਖੇਡ ਸਟਰਕਚਰ ਹੋਣਗੇ ਤੇ ਮਨੋਰੰਜਨ ਵਾਲੀਆਂ ਕਈ ਥਾਂਵਾਂ ਹੋਣਗੀਆਂ।

ਇਸ ਪ੍ਰੋਜੈਕਟ ਤਹਿਤ ਝੂਲੇ, ਕਲਾਈਂਬਰਜ਼, ਵ੍ਹੀਲਚੇਅਰ ਦੇ ਹਿਸਾਬ ਨਾਲ ਢਾਲੇ ਗਏ ਇੱਕਠ ਕਰਨ ਵਾਲੇ ਇਲਾਕੇ, ਸ਼ੇਡ ਸ਼ੈਲਟਰਜ਼, ਪਿਕਨਿਕ ਵਾਲੀਆਂ ਥਾਂਵਾਂ, ਸਪਲੈਸ਼ ਪੈਡ, ਸਾਰੀਆਂ ਦੀ ਪਹੁੰਚ ਵਿੱਚ ਆ ਸਕਣ ਵਾਲੇ ਫਿੱਟਨੈੱਸ ਇਕਿਉਪਮੈਂਟ, ਪਲੇਅ ਸਰਫੇਸਿੰਗ, ਵਾਕਿੰਗ ਟਰੇਲਜ਼ ਤੇ ਪੇੜ ਪੌਦੇ ਆਦਿ ਲਾਏ ਜਾਣਗੇ।

## ਅਮਰੀਕਾ ਵਿਚ ਪੈਦਾ ਹੋਇਆ ਦੁਨੀਆਂ ਦਾ ਪਹਿਲਾ ਬਿਨ੍ਹਾਂ ਧੱਭਿਆਂ ਵਾਲਾ ਜਿਰਾਫ

ਵਾਸ਼ਿੰਗਟਨ, 23 ਅਗਸਤ (ਪੋਸਟ ਬਿਊਰੋ): ਅਮਰੀਕਾ ਦੇ ਟੈਨੇਸੀ ਸੂਬੇ ਦੇ ਇਕ ਚਿੜੀਆਘਰ 'ਚ ਅਜਿਹਾ ਜਿਰਾਫ ਪੈਦਾ ਹੋਇਆ ਹੈ, ਜਿਸ ਦੇ ਸਰੀਰ 'ਤੇ ਕੋਈ ਧਾਰੀ ਜਾਂ ਧੱਬਾ ਨਹੀਂ ਹੈ। ਇਸ ਨੂੰ ਦੁਨੀਆਂ ਦਾ ਪਹਿਲਾ 'ਬਿਨ੍ਹਾਂ ਧੱਭਿਆਂ' ਵਾਲਾ ਜਿਰਾਫ ਕਿਹਾ ਜਾ ਰਿਹਾ ਹੈ। ਇਸ ਦਾ ਰੰਗ ਪੂਰੀ ਤਰ੍ਹਾਂ ਭੂਰਾ ਹੈ। ਖਾਸ ਗੱਲ ਇਹ ਹੈ ਕਿ ਇਸ ਜਿਰਾਫ ਦੀ ਮਾਂ ਦੀਆਂ ਧਾਰੀਆਂ ਆਮ ਜਿਰਾਫ ਵਾਂਗ ਹਨ।



ਜਾਣਕਾਰੀ ਮੁਤਾਬਕ ਚਿੜੀਆਘਰ ਪ੍ਰਸ਼ਾਸਨ ਨੇ ਜਿਰਾਫ ਦਾ ਨਾਂ ਦੇਣ ਲਈ ਸੋਸ਼ਲ ਮੀਡੀਆ ਪਲੇਟਫਾਰਮ ਦੀ ਮੱਦਦ ਲਈ ਹੈ। ਦਰਅਸਲ, ਚਿੜੀਆਘਰ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਜਿਰਾਫ ਜਿਸ ਤਰ੍ਹਾਂ ਦਾ ਅਨੋਖਾ ਹੈ, ਉਸ ਦਾ ਨਾਂ ਵੀ ਓਨਾ ਹੀ ਵਿਲੱਖਣ ਹੋਣਾ ਚਾਹੀਦਾ ਹੈ। ਇਸ ਜਿਰਾਫ ਦਾ ਜਨਮ 31 ਜੁਲਾਈ ਨੂੰ ਹੋਇਆ ਸੀ। ਹਾਲਾਂਕਿ ਅਧਿਕਾਰਤ ਤੌਰ 'ਤੇ ਇਸ ਦੀ ਜਾਣਕਾਰੀ ਹੁਣ ਸਾਹਮਣੇ ਆ ਗਈ ਹੈ। ਇਹ ਮਾਦਾ ਜਿਰਾਫ ਹੈ। ਬ੍ਰਾਈਟ ਚਿੜੀਆਘਰ 'ਚ ਪੈਦਾ ਹੋਏ ਇਸ ਜਿਰਾਫ ਬਾਰੇ ਪ੍ਰਸ਼ਾਸਨ ਨੇ ਕਿਹਾ ਕਿ ਅਸੀਂ ਜਿਰਾਫ ਮਾਹਿਰਾਂ ਨਾਲ ਗੱਲ ਕੀਤੀ ਹੈ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਦੁਨੀਆਂ ਵਿਚ ਧਾਰੀਆਂ ਤੋਂ ਬਿਨ੍ਹਾਂ ਕੋਈ ਜਿਰਾਫ ਨਹੀਂ ਹੈ। ਇਸ ਦਾ ਰੰਗ ਪੂਰੀ ਤਰ੍ਹਾਂ ਭੂਰਾ ਹੈ। ਇਸ ਤੋਂ ਇਲਾਵਾ ਉਸ ਦਾ ਪੂਰਾ ਸਰੀਰ ਬਾਕੀ ਜਿਰਾਫਾਂ ਵਰਗਾ ਹੀ ਹੈ।

## ਬਹੁਤ ਜਲਦੀ ਭਾਰਤ 5 ਟ੍ਰਿਲੀਅਨ ਇਕੋਨਮੀ ਬਣੇਗਾ, ਅਸੀਂ ਦੁਨੀਆਂ ਦਾ ਵਿਕਾਸ ਇੰਜਣ ਬਣਾਂਗੇ : ਪ੍ਰਧਾਨ ਮੰਤਰੀ ਮੋਦੀ

ਜੋਹਾਨਸਬਰਗ, 23 ਅਗਸਤ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਰਾਤ ਨੂੰ 15ਵੇਂ ਬ੍ਰਿਕਸ ਸੰਮੇਲਨ ਦੇ ਤਹਿਤ ਹੋਣ ਵਾਲੇ ਬਿਜ਼ਨਸ ਫੋਰਮ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਇਸ ਦੌਰਾਨ, ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਭਾਰਤ ਬਹੁਤ ਜਲਦੀ 5 ਟ੍ਰਿਲੀਅਨ ਦੀ ਅਰਥਵਿਵਸਥਾ ਬਣ ਜਾਵੇਗਾ ਅਤੇ ਅਸੀਂ ਦੁਨੀਆਂ ਦਾ ਵਿਕਾਸ ਇੰਜਣ ਬਣ ਜਾਵਾਂਗੇ।

ਇਸ ਮੰਚ 'ਤੇ ਉਨ੍ਹਾਂ ਨਾਲ ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਵੀ ਮੌਜੂਦ ਸਨ। ਖਾਸ ਗੱਲ ਇਹ ਹੈ ਕਿ ਜੋਹਾਨਸਬਰਗ ਵਿਚ ਮੌਜੂਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋਏ। ਹਾਲਾਂਕਿ, ਉਨ੍ਹਾਂ ਦੀ ਗੈਰਹਾਜ਼ਰੀ ਦਾ ਕਾਰਨ ਸਪੱਸ਼ਟ ਨਹੀਂ ਹੈ।



3 ਮਿੰਟ ਦੇ ਭਾਸ਼ਣ 'ਚ ਮੋਦੀ ਨੇ ਕਿਹਾ ਕਿ ਭਾਰਤ ਡਿਜ਼ੀਟਲ ਲੈਣ-ਦੇਣ ਦੇ ਮਾਮਲੇ 'ਚ ਚੋਟੀ 'ਤੇ ਹੈ। ਬ੍ਰਿਕਸ ਦੇਸ਼ਾਂ ਨੂੰ ਆਰਥਿਕ ਮੋਰਚੇ 'ਤੇ ਸਹਿਯੋਗ ਕਰਨਾ ਹੋਵੇਗਾ। ਭਾਰਤ ਬਹੁਤ ਜਲਦੀ 5 ਟ੍ਰਿਲੀਅਨ ਦੀ ਅਰਥਵਿਵਸਥਾ ਬਣ ਜਾਵੇਗਾ ਅਤੇ ਅਸੀਂ ਦੁਨੀਆਂ ਦਾ ਵਿਕਾਸ ਇੰਜਣ ਬਣ ਜਾਵਾਂਗੇ। ਭਾਰਤ ਨੇ ਕਾਰੋਬਾਰ ਕਰਨ ਦੀ ਸੌਖ ਦੇ ਖੇਤਰ ਵਿੱਚ ਬਹੁਤ ਸੁਧਾਰ ਕੀਤਾ ਹੈ। ਮੈਂ ਬ੍ਰਿਕਸ ਦੇਸ਼ਾਂ ਦੇ ਨਿਵੇਸ਼ਕਾਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਲਈ ਸੱਦਾ ਦਿੰਦਾ ਹਾਂ।

ਇਸ ਤੋਂ ਪਹਿਲਾਂ ਮੰਗਲਵਾਰ ਦੁਪਹਿਰ ਨੂੰ ਮੋਦੀ ਜੋਹਾਨਸਬਰਗ ਪਹੁੰਚੇ। ਇੱਥੇ ਉਨ੍ਹਾਂ ਦਾ ਗਾਰਡ ਆਫ਼ ਆਨਰ ਨਾਲ ਸਵਾਗਤ ਕੀਤਾ ਗਿਆ। ਦੱਖਣੀ ਅਫ਼ਰੀਕਾ ਦੇ ਉਪ ਰਾਸ਼ਟਰਪਤੀ ਪਾਲ ਸ਼ਿਪੋਕੋਸਾ ਉਨ੍ਹਾਂ ਦਾ ਸੁਆਗਤ ਕਰਨ ਲਈ ਮਾਸ਼ਟਾਈਲ ਵਾਟਰਕਲਫ਼ ਏਅਰਬੇਸ ਪਹੁੰਚੇ।

ਦੱਖਣੀ ਅਫ਼ਰੀਕਾ ਦੇ ਰਵਾਇਤੀ ਕਬਾਇਲੀ ਡਾਂਸ ਨਾਲ ਮੋਦੀ ਦਾ ਸਵਾਗਤ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਹਵਾਈ ਅੱਡੇ 'ਤੇ ਭਾਰਤੀ ਮੂਲ ਦੇ ਲੋਕਾਂ ਨਾਲ ਵੀ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਦੇ ਹੋਟਲ ਪਹੁੰਚਣ 'ਤੇ ਭਾਰਤੀ ਮੂਲ ਦੀ ਔਰਤ ਨੇ ਉਨ੍ਹਾਂ ਨੂੰ ਰੱਖੜੀ ਵੀ ਬੰਨ੍ਹੀ। ਪੀਐਮ ਮੋਦੀ 24 ਅਗਸਤ ਤੱਕ ਜੋਹਾਨਸਬਰਗ ਸ਼ਹਿਰ ਵਿੱਚ ਰਹਿਣਗੇ। ਇਸ ਦੌਰਾਨ ਉਹ ਬ੍ਰਿਕਸ ਦੇ ਕੁਝ ਮੈਂਬਰ ਦੇਸ਼ਾਂ ਨਾਲ ਦੁਵੱਲੀ ਗੱਲਬਾਤ ਵੀ ਕਰਨਗੇ।

## ਅੱਜ ਨਾਮਾ

ਨਕਲਚੀ ਫੜੇ ਹਰਿਆਣੇ ਵਿੱਚ ਫੇਰ ਚੋਖੇ,
ਚੱਲ ਰਹੀ ਸੁਣੀ ਹੈ ਜਾਂਚ ਪੜਤਾਲ ਬੇਲੀ।
ਟੈੱਸਟ ਦੂਜਿਆਂ ਦੀ ਥਾਂ ਸਨ ਕਰਨ ਜਾਂਦੇ,
ਕਮਾਉਂਦੇ ਲੱਖਾਂ ਦਾ ਸੁਣੇ ਨੇ ਮਾਲ ਬੇਲੀ।
ਕੇਰਲ, ਗੁਜਰਾਤ, ਬਿਹਾਰ ਦੇ ਤੱਕ ਜਾਂਦੇ,
ਮਤਲਬ ਸਿਰਫ ਆ ਪੈਸਿਆਂ ਨਾਲ ਬੇਲੀ।
ਅੱਠਾਂ ਸਾਲਾਂ ਤੋਂ ਗੈਂਗ ਸਰਗਰਮ ਸੁਣਿਆ,
ਸਾਰੇ ਈ ਦੇਸ਼ ਵਿੱਚ ਫੈਲਿਆ ਜਾਲ ਬੇਲੀ।
ਫੜੇ ਤਾਂ ਪੰਜ ਜਾਂ ਪੰਦਰਾਂ ਫਿਕਰ ਕੋਈ ਨਾ,
ਸੈਂਕੜੇ ਸ਼ੋਹਦੇ ਇਸ ਗੈਂਗ ਦੇ ਵਿੱਚ ਬੇਲੀ।
ਕਰੇ ਸਰਕਾਰ ਜੇ ਦਾਅਵਾ ਤਾਂ ਕਰੀ ਜਾਵੇ,
ਸ਼ੋਹਦੇ ਸਮਝਣ ਸਰਕਾਰਾਂ ਨੂੰ ਟਿੱਚ ਬੇਲੀ।

**ਤੀਸ ਮਾਰ ਖਾਂ**





















# ਮਲੌਧ ਨਿਵਾਸੀਆਂ ਨੇ ਮਨਾਈ ਪਿਕਨਿਕ, ਪੰਜਾਬੀ ਵਿਰਸੇ ਦੀਆਂ ਕੀਤੀਆਂ ਪੇਸ਼ਕਾਰੀਆਂ




ਬਰੈਂਪਟਨ :ਅਗਸਤ 21,2023 ( ਸੁਰਜੀਤ ਸਿੰਘ ਫਲੋਰਾ ) ਬੀਤੇ ਵੀਕਐਂਡ ਤੇ ਅਗਸਤ 20 ਐਤਵਾਰ ਨੂੰ ਸ੍ਰ ਗੁਰਦਰਸ਼ਨ ਸਿੰਘ ਸੋਮਲ ਅਤੇ ਤਜਿੰਦਰ ਸਿੰਘ ਪੂਰੀ ਦੀ ਸਰਪ੍ਰਸਤੀ ਹੇਠ ਮਲੌਧ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਰਾਬੋਂ ਉਨਚੀ, ਰਾਬੋਂ ਨੀਚੀ, ਦੌਲਤਪੁਰ, ਉਕਸੀ, ਦੁਧਾਲ, ਸੀਹਾਨ ਦਾਉਦ, ਅਣਖੀ ਦਾਉਦ, ਚੱਕ ਸਲਹੰਦੌਦ, ਬੁਰਕਾਰਾ, ਸੋਹੀਆਂ,ਜੋਗੀ ਮਾਜਰਾ ਦੇ ਪ੍ਰਵਾਸੀ ਪੰਜਾਬੀਆਂ ਵੱਲੋਂ ਮਿਲ ਕੇ ਤੀਜੀ ਪਰਿਵਾਰਿਕ ਪਿਕਨਿਕ ਬਰੈਂਪਟਨ ਦੇ ਹਾਰਟ ਲੇਕ ਪਾਰਕ ਵਿਚ ਆਯੋਜਿਤ ਕੀਤੀ ਗਈ। ਜਿਸ ਵਿਚ ਜੋ ਵੀ ਕੈਨੇਡਾ ਮਲੌਧ ਇਲਾਕੇ ਤੋਂ ਕੈਨੇਡਾ ਵਿਚ ਪਹੁੰਚਿਆਂ ਹੋਇਆ ਹੈ, ਉਹ ਪੱਕਾ ਹੈ ਜਾਂ ਵਿਦਿਆਰਥੀ ਹੈ, ਜਾਂ ਕੈਨੇਡਾ ਦਾ ਸਿਟੀਜਨ ਹੈ ਨੇ ਸ਼ਮੂਲੀਅਤ ਕੀਤੀ। ਇਸ ਪਿਕਨਿਕ ਨੂੰ ਆਯੋਜਿਤ ਕਰਨ ਦਾ ਮੁੱਖ ਕਾਰਨ ਇਹ ਹੀ ਸੀ ਕੀ ਇਸ ਇਲਾਕੇ ਦੇ ਪੰਜਾਬੀ ਪ੍ਰਵਾਸੀਆਂ ਨੂੰ ਇਕ-ਦੂਸਰੇ ਦੇ ਕਰੀਬ ਤੇ ਭਾਈਚਾਰਕ ਸਾਂਝ ਨੂੰ ਵਧਾਉਣਾ ਅਤੇ ਜੋ ਯਾਰ ਦੋਸਤ, ਭਾਈਵਾਲ ਸਾਲਾਂ ਤੋਂ ਇਕ-ਦੂਸਰੇ ਤੋਂ ਦੂਰ ਹੋ ਚੁੱਕੇ ਹਨ ਉਹਨਾਂ ਨੂੰ ਫਿਰ ਤੋਂ ਇਕੱਠੇ ਕਰਨਾ ਸੀ।

ਇਸ ਪਿਕਨਿਕ ਦੀ ਸ਼ੁਰੂਆਤ ਪ੍ਰਬੰਧਕਾਂ ਵਲੋਂ ਚਾਹ ਪਾਣੀ ਦੇ ਨਾਲ ਕੀਤੀ ਗਈ ਤੇ ਇਸ ਉਪਰੰਤ ਪ੍ਰਬੰਧਕਾਂ ਵਲੋਂ ਬੀਬੀਆਂ ਤੇ ਬੱਚਿਆਂ ਦੀਆਂ ਚਮਚਾ ਦੌੜਾਂ, ਤੇ ਬਾਬਿਆਂ ਵਲੋਂ ਰੱਸਾ ਕਸੀ ਦੇ ਖੇਡਾਂ ਨਾਲ ਸਭ ਦਾ ਮਨ ਮੋਹ ਲਿਆ।

ਫਿਰ ਜਿਥੇ ਪੰਜਾਬੀ ਹੋਣ ਬੀਬੀਆਂ ਦੇ ਗਿੱਧੇ ਅਤੇ ਢੋਲੀ ਦੇ ਡਗੇ ਤੋਂ ਕੋਈ ਵੀ ਪ੍ਰੋਗਰਾਮ ਅਧੂਰਾ ਕਿਵੇਂ ਰਹਿ ਸਕਦਾ ਹੈ। ਹਾਰਟ ਲੇਕ ਦੀ ਪਾਰਕ ਨੂੰ ਇਸ ਮੌਕੇ ਕੁੜੀਆਂ, ਨਵੀਆ ਵਿਆਹੀਆਂ, ਵੱਡੀ ਉਮਰ ਗੱਲ ਕੀ ਹਰ ਉਮਰ ਦੀਆਂ ਔਰਤਾਂ ਵਲੋਂ ਸ਼ਮੂਲੀਅਤ ਕੀਤੀ ਗਈ ਅਤੇ ਬੋਲੀਆਂ ਤੇ ਗਿੱਧਾ ਪਾ ਕੇ ਰੰਗ ਬੰਨਿਆ ਗਿਆ। ਜਿਸ ਨੂੰ ਦੇਖਦੇ ਹੋਏ ਬਹੁਤੇ ਪ੍ਰਵਾਸੀਆਂ ਨੂੰ ਆਪਣੇ ਸੱਭਿਆਚਾਰ ਤੇ ਵਿਰਸੇ ਦੀ ਯਾਦ ਤਾਜ਼ਾ ਹੋ ਗਈ। ਰਲ ਮਿਲਾ ਕਿ ਜਿਥੇ ਇਹ ਪਿਕਨਿਕ ਸਭ ਨੂੰ ਵਤਨ ਨਾਲ ਫਿਰ ਤੋਂ ਇਕ ਵਾਰ ਜੋੜਨ ਦਾ ਬਹੁਤ ਵੱਡਾ ਉਪਰਾਲਾਂ ਸੀ ਉਥੇ ਇਹ ਛੋਟੀ ਜਿਹੀ ਪ੍ਰਬੰਦਕਾਂ ਦੀ ਕੈਨੇਡਾ ਦੇ ਜੰਮਪਲ ਆਉਣ ਵਾਲੀ ਨਵੀ ਪੀੜ੍ਹੀ ਦੇ ਬੱਚਿਆਂ ਨੂੰ ਆਪਣੇ ਪੰਜਾਬੀ ਵਿਰਸੇ, ਸੱਭਿਆਚਾਰ, ਆਪਣੇ ਰੀਤੀ ਰਿਵਾਜ ਨਾਲ ਜੋੜਨ ਦਾ ਇਕ ਬਹੁਤ ਵੱਡਾ ਉਪਰਾਲਾ ਸੀ। ਇਸ ਉਪਰੰਤ ਮਿਊਜੀਕਲ ਚੇਅਰ ਦੌੜ ਦੇ ਮੌਕਾਬਲੇ ਕਰਵਾਏ ਗਏ ਜਿਸ ਨੇ ਸਭ ਨੂੰ ਬਹੁਤ ਹਸਾਇਆ, ਤੇ ਸਭ ਦਾ ਪੂਰਾ ਪੂਰਾ ਮਨੋਰੰਜਨ ਕੀਤਾ। ਅਖਿਰ ਤੇ ਜੇਤੋ ਖਿਡਾਰੀਆਂ ਨੂੰ ਇੰਨਾਮ ਵੰਡੇ ਗਏ। ਤੇ ਪ੍ਰਬੰਕਾਂ ਵਲੋਂ ਰੋਟੀ ਪਾਣੀ ਦਾ ਪੂਰਾ ਇੰਤਜਾਮ ਕੀਤਾ ਹੋਇਆ ਸੀ, ਜਿਸ ਦਾ ਸਭ ਨੇ ਅਨੰਦ ਮਾਣਿਆ। ਆਖਿਰ ਤੇ ਪ੍ਰਬੰਕਾਂ ਵਲੋਂ ਸਭ ਦਾ ਪਿਕਨਿਕ 'ਚ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ ਗਿਆ।



# ਜ਼ਿਲ੍ਹਾ ਫਿਰੋਜ਼ਪੁਰ ਦੀ ਪਿਕਨਿਕ ਵਿਚ ਲੱਗੀਆਂ ਰੌਣਕਾਂ



(ਬਰੈਂਪਟਨ/ਬਾਸੀ ਹਰਚੰਦ) ਜ਼ਿਲਾ ਫਿਰੋਜ਼ਪੁਰ ਵਾਲੇ ਪ੍ਰੀਵਾਰਾਂ ਨੇ ਵੀਹ ਅਗੱਸਤ ਨੂੰ ਆਪਣੀ ਅਠਾਰਵੀਂ ਪਿਕਨਿਕ ਬਰੈਂਪਟਨ ਦੇ ਚਿੰਕਇਊਜੀ ਪਾਰਕ ਦੇ ਪਾਰਟ ਤਿੰਨ ਵਿੱਚ ਬੜੀ ਰੌਣਕਾਂ ਵਿੱਚ ਮਨਾਈ। ਪ੍ਰਬੰਧਕ ਹਰਚੰਦ ਸਿੰਘ ਬਾਸੀ, ਭੁਪਿੰਦਰ ਸਿੰਘ ਖੋਸਾ, ਸੁਖਜੀਤ ਸਿੰਘ ਕੰਗ, ਬਲਰਾਜ ਸਿੰਘ ਗਿੱਲ,ਦਿਲਬਾਗ ਸਿੰਘ ਸੰਧੂ,ਸੁਖਦੇਵ ਸਿੰਘ ਕਾਹਲੋਂ, , ਗੁਰਪਰੀਤ ਸਿੰਘ ਖੋਸਾ, ਜਸਵਿੰਦਰ ਸਿੰਘ ਸੇਖੋਂ,ਅਜੈਬ ਸਿੰਘ ਸਨ੍ਹੇਰ, ਜਲੌਰ ਸਿੰਘ ਕਾਹਲੋਂ, ਗੁਰਪ੍ਰੀਤ ਸਿੰਘ ਢਿਲੋਂ, ਪ੍ਰੀਤਪਾਲ ਸਿੰਘ ਬਾਸੀ, ਦਸ ਵਜੇ ਹੀ ਸੱਭ ਸਮਾਨ ਮੇਜ, ਕੁਰਸੀਆਂ, ਟੈਂਟ, ਬੈਨਰ ਕੋਲਡ ਡਰਿੰਕ, ਪਾਣੀ ਆਦਿ ਲੈ ਕੇ ਪਹੁੰਚ ਗਏ ਅਤੇ ਲੋੜੀਦੇ ਸੱਭ ਪਰਬੰਧ ਮੁਕੰਮਲ ਕਰ ਲਏ। ਸਾਢੇ ਦਸ ਕੁ ਵਜੇ ਮਸ਼ਹੂਰ ਸਵੀਟ ਮਹਿਲ ਰੈਸਟੋਰੈਂਟ ਦੇ ਮਾਲਕ ਸੁਖਰਾਜ ਸਿੰਘ ਕੰਗ ਦੇ ਇੰਮਪਲਾਈ ਅਤਿ ਜਾਇਕੇਦਾਰ ਬਰੇਕ ਫਾਸਟ ਦਾ ਸਮਾਨ ਲੈ ਕੇ ਪਹੁੰਚ ਗਏ। ਹੌਲੀ ਹੌਲੀ ਪ੍ਰੀਵਾਰਾਂ ਦੇ ਪਰਵਾਰ ਬੱਚਿਆਂ ਸਮੇਤ ਪਹੁੰਚਣ ਲੱਗੇ ਅਤੇ ਰੌਣਕਾਂ ਵਧਣ ਲੱਗੀਆਂ। ਵਿਸੇਸ਼ ਗੱਲ ਇਹ ਸੀ ਕਿ ਇਸ ਵਾਰ ਬਹੁਤ ਸਾਰੇ ਨਵੇਂ ਪ੍ਰੀਵਾਰ ਅਤੇ ਸਟੂਡੈਂਟਸ ਵੱਡੀ ਗਿਣਤੀ ਵੱਚ ਸ਼ਾਮਲ ਹੋਏ । ਬਰੇਕਫਾਸਟ ਦਾ ਫੂਡ ਮੱਛੀ ਪਕੌੜਾ,ਆਲੂ ਪਕੌੜਾ ,ਸਮੋਸਾ, ਗੁਲਾਬ ਜਾਮਨ, ਵੇਸਣ ਬਰਫੀ ਅਤੇ ਗਰਮ ਗਰਮ ਜਲੇਬੀ ਮਹਿਮਾਨਾਂ ਲਈ ਪਰੋਸਿਆ ਗਿਆ। ਦੇਰ ਬਾਅਦ ਮਿਲੇ ਪ੍ਰੀਵਾਰ ਬਰੇਕ ਫਾਸਟ ਲੈ ਕੇ ਆਪਸ ਵਿੱਚ ਇੱਕ ਦੂਜੇ ਦੀ ਸੁਖ ਸਾਂਦ ਪੁਛਦੇ ਢੇਰ ਸਾਰੀਆਂ ਗੱਲਾਂ ਕਰਦੇ, ਰਿਸ਼ਤੇਦਾਰੀਆਂ ਕਢਦੇ ਖਿੜ ਖਿੜ ਕੇ ਹਸਦੇ ਵੇਖੇ ਗਏ । ਬੱਚਿਆਂ ਦੀ ਪੜ੍ਹਾਈ, ਵਿਆਹ ਸ਼ਾਦੀਆਂ ਦੀ ਖਬਰ ਸਾਰ ਲੈਂਦੇ ਰਹੇ। ਇਸ ਰੌਣਕਾਂ ਵਾਲੇ ਮਹੌਲ ਨੂੰ ਹੋਰ ਚਾਰ ਚਿੰਨ ਲੱਗ ਗਏ ਜਦ ਪਰਸਿੱਧ ਪਤਰਕਾਰ ਅਤੇ ਸਕੂਲ ਟਰੱਸਟੀ ਸੱਤਪਾਲ ਸਿੰਘ ਜੌਹਲ, ਉਚ ਪਾਏ ਦੀ ਸਖਸੀਅਤ ਦੇਸ ਭਗਤ ਯਾਦਗਾਰ ਹਾਲ ਦੇ ਮੈਂਬਰ ,ਪੰਜਾਬੀ ਕਹਾਣੀ ਅਤੇ ਵਾਰਤਕ ਦੇ ਸਿਰਮੌਰ ਲੇਖਕ ਵਰਿਆਮ ਸਿੰਘ ਸੰਧੂ, ਬਰੈਂਪਨ ਦੀ ਕੁੰਜੀ ਨਾਲ ਸਨਮਾਨਿਤ ਗੁਰਬਖਸ਼ ਸਿੰਘ ਮੱਲੀ ਸਾਬਕਾ ਐਮ ਪੀ,ਪਰਸਿਧ ਲੇਖਕ ਪੂਰਨ ਸਿੰਘ ਪਾਂਧੀ ਖੇਡ ਜਗਤ ਤੋਂ ਪ੍ਰਿੰਸੀਪਲ ਸਰਬਣ ਸਿੰਘ, ਪਰਸਿੱਧ ਕਹਾਣੀਕਾਰ ਗੁਰਦੇਵ ਚੌਹਾਨ ਸ਼ਾਮਲ ਹੋ ਗਏ। ਵਿਸ਼ਵ ਪੰਜਾਬੀ ਕਾਨਫਰੰਸ ਤੋਂ ਦਲਬੀਰ ਸਿੰਘ ਕਥੂਰੀਆ,ਗਿਆਨ ਸਿੰਘ ਕੰਗ, ਰਵਿੰਦਰ ਕੰਗ, ਲਾਲੀ ਦੀ ਟੀਮ ਨੇ ਕਲੱਬ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਕਲੱਬ ਦੀ ਮਾਇਕ ਸਹਾਇਤਾ ਸਪੌਸਰਜ਼ ਸਵੀਟ ਮਹਿਲ ਐਂਡ ਪਰੈਜੀਡੈਂਟ ਕਨਵੈਂਸ਼ਨ ਸੈਂਟਰ ਤੋਂ ਸੁਖਰਾਜ ਕੰਗ, ਸੰਧੂ ਲਾਅ ਆਫਿਸ ਤੋਂ ਬਲਜਿੰਦਰ ਸਿਘ ਸੰਧੂ,, ਸੇਵ ਮੈਕਸ ਰੀਐਲਟੀ ਤੋਂ ਜੱਸੀ ਸਿੰਘ, ਫਰੈਸ਼ ਫੂਡ ਸੈਂਟਰ ਕੈਲਡਨ ਤੋਂ ਅਵਤਾਰ ਸਿੰਘ ਖੋਸਾ, ਈਗਲ ਸੰਟ ਸਰਵਿਸ ਤੋਂ ਜਸਵਿੰਦਰ ਸਿੰਘ ਖੋਸਾ, ਕਿੰਗ ਰੀਐਲਟੀ ਤੋਂ ਸੁਖਜੀਤ ਸਿੰਘ ਕੰਗ ਐਂਡ ਗੁਰਲੀਨ ਖੈਹਰਾ, ਵਰਲਡ ਫਾਈਨੈਂਸ਼ਲ ਤੋਂ ਜਸਕਰਨ ਖੋਸਾ,ਹਰਚੰਦ ਸਿੰਘ ਬਾਸੀ, ਵਰਲਡ ਫਾਈਨੈਂਸ਼ਲ ਤੋਂ ਜਸਵਿੰਦਰ ਸਿੰਘ ਸੇਖੋਂ ਨੇ ਹਜਾਰ ਡਾਲਰ ਜਾਂ ਪੰਜ ਸੌ ਡਾਲਰ ਦੇ ਕੇ ਕੀਤੀ ਜਿੰਨਾਂ ਦਾ ਕਲੱਬ ਵੱਲੋਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਧੰਨਵਾਦ ਕੀਤਾ ਗਿਆ।

ਪਿਕਨਿਕ ਵਿੱਚ ਸ਼ਾਮਲ ਹੋਣ ਆਏ ਪ੍ਰੀਵਾਰਾਂ ਨੇ ਵੀ ਹਰ ਸਾਲ ਦੀ ਤਰਾਂ ਦਿਲ ਖੋਹਲ ਕੇ ਮਾਇਕ ਸਹਾਇਤਾ ਕੀਤੀ ਜਿਨਾਂ ਦਾ ਕਲੱਬ ਦੀ ਫਰਬੰਧਕੀ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਪਰਸੰਸਾ ਕੀਤੀ। ਸਮਾਂ ਲੰਘਦੇ ਨੂੰ ਪਤਾ ਹੀ ਨਹੀਂ ਚੱਲਿਆ ਇੱਕ ਵਜ ਗਿਆ । ਹੁਣ ਬੱਚਿਆਂ, ਨੌਜਵਾਨਾਂ, ਬੀਬੀਆਂ, ਵਡੇਰੀ ਉਮਰ ਦੇ ਮੇਲ/ ਫੀਮੇਲ ਦੀਆਂ ਦੌੜਾਂ ਸੁਰੂ ਹੋ ਗਈਆਂ ਇਕੱਠ ਤਾੜੀਆ ਮਾਰ ਕੇ ਹੌਸਲਾ ਅਫਜਾਈ ਕਰਦਾ ਰਿਹਾ । ਖੂਬ ਚਹਿਲ ਪਹਿਲ ਹੋ ਗਈ। ਮਿਊਜ਼ੀਕਲ ਚੇਅਰ ਰੇਸ ਨੇ ਤਾਂ ਹੋਰ ਵੀ ਰੰਗ ਬੰਨ ਦਿਤਾ। ਜੇਤੂਆਂ ਨੂੰ ਸ਼ਾਨਦਾਰ ਟਰੌਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜ ਸਾਲ ਤੱਕ ਦੀ ਉਮਰ ਦੇ ਹਰ ਬੱਚੇ ਦੇ ਗਲ ਮੈਡਲ ਪਾਏ ਗਏ ਅਤੇ ਸਾਰੇ ਬੱਚਿਆਂ ਨੂੰ ਗੇਮਾਂ ਦਿਤੀਆਂ ਗਈਆ। ਦੋ ਮੋਸਟ ਸੀਨੀਅਰਜ਼ ਗੁਰਨੇਕ ਸਿੰਘ ਢਿਲੋਂ ਬੋਤੀਆਂ ਵਾਲਾ ਅਤੇ ਹਰਵਿੰਦਰ ਕੌਰ ਬਰਾੜ ਤਲਵੰਡੀ ਭਾਈ ਨੂੰ ਰੇਡੀਓ ਦੇ ਕੇ ਸਨਮਾਨਿਤ ਕੀਤਾ ਗਿਆ। ਬੀਬੀਆਂ ਨੇ ਆਪਣਾ ਰਵਾਇਤੀ ਪੰਜਾਬੀ ਬੋਲੀਆਂ ਗਿੱਧਾ ਪਾ ਕੇ ਦਿਲਾਂ ਦੇ ਵਲਵਲੇ ਸੰਤੁਸ਼ਟ ਕੀਤੇ ਸ਼ਾਮ ਦੇ ਭੋਜਨ ਦੀ ਵਾਰੀ ਆ ਗਈ ਢੱਕਣ ਉਠਾਉਣ ਤੇ ਸੁਆਦੀ ਭੋਜਨ ਦੀਆਂ ਲਪਟਾਂ ਆਉਣ ਲੱਗੀਆਂ। ਸੱਭ ਮਹਿਮਾਨਾਂ ਨੇ ਸਵੈ ਅਨੁਸਾਸ਼ਾਨ ਵਿੱਚ ਰਹਿ ਕੇ ਲਾਈਨ ਵਿੱਚ ਲੱਗ ਕੇ ਭੋਜਨ ਛਕਿਆ। ਇਸ ਤੋਂ ਇਲਾਵਾ ਕਲੱਬ ਦੇ ਸੀਨੀਅਰ ਮੈਂਬਰ ਜਗਰਾਜ ਸਿੰਘ ਖੋਸਾ, ਪ੍ਰੀਤਮ ਸਿੰਘ ਬਰਾੜ ਮਹੀਆਂ ਵਾਲਾ, ਨਛੱਤਰ ਸਿੰਘ ਢੰਡੀਆਂ,ਰਜਵੰਤ ਸਿੰਘ ਬਾਸੀ,ਪਰੇਮ ਸਿੰਘ ਸੇਖੋਂ ਪੁਤਰ ਵਿਸਾਖਾ ਸਿੰਘ ਸੇਖੋਂ, ਚੰਦ ਸਿੰਘ ਕਾਹਲੋਂ, ਗੁਰਚਰਨ ਸਿੰਘ ਸੰਧੂ ਸਰਪੰਚ,ਕਸ਼ਮੀਰ ਸਿੰਘ ਕਿੰਗਰਾ, ਜਸਵੀਰ ਸਿੰਘ ਕਸੋਆਣਾ, ਬਲਦੇਵ ਸਿੰਘ ਕਸੋਅਣਾ ਪਿਆਰਾ ਸਿੰਘ ਹੰਸਰਾ,ਤਾਰਾ ਸਿੰਘ ਗਰਚਾ ਆਦਿ ਨੇ ਕਲੱਬ ਦਾ ਮਾਣ ਵਧਾਈ ਰੱਖਿਆ। ਸੋਨੂ,ਜਸ,ਕਰਨ,ਹਰਕੀਤ,ਅਕਾਸ਼ ਨੇ ਗਾਰਬੇ ਉਠਾ ਕੇ ਸਫਾਈ ਕੀਤੀ ਅਤੇ ਸਾਰੀ ਕਲੋਜਿੰਗ ਵਿੱਚ ਹੱਥ ਵਟਾਇਆ। ਸਾਡੀ ਕਲੱਬ ਦੇ ਪਰਬੰਧਕੀ ਕਮੇਟੀ ਦੇ ਮੈਂਬਰ ਰਛਪਾਲ ਸਿੰਘ ਬਰਾੜ ਜੋ ਪ੍ਰੋਫੈਸ਼ਨਲ ਫੋਟੋ ਗਰਾਫਰ ਹਨ, ਅਫਸੋਸ ਹੈ ਬੀਮਾਰ ਹੋਣ ਕਾਰਨ ਫੋਟੋਗਰਾਫੀ ਨਹੀਂ ਕਰ ਸਕੇ। ਉਸ ਲਈ ਦੁਆ ਕਰਦੇ ਹਾਂ ਜਲਦੀ ਤੰਦਰੁਸਤ ਹੋਣ। ਉਹਨਾਂ ਦੀ ਥਾਂ ਫੋਟੋਗਰਾਫੀ ਦੀ ਡਿਉਟੀ ਸੁਖਪਾਲ ਸਿੰਘ ਕੰਗ ਨੇ ਨਿਭਾਈ। ਜ਼ਿਲਾ ਫੀਰੋਜ਼ਪੁਰ ਕਲੱਬ ਦੇ ਸਮੁਚੇ ਇਕੱਠ ਨੇ ਮਿਠੂ ਸਿੰਘ ਗਿਲ ਪਰਧਾਨ ਮੋਗਾ ਕਲੱਬ ਦੇ ਜਵਾਨ ਪੁੱਤ ਦੇ ਅਚਾਨਕ ਵਿਛੋੜਾ ਦੇ ਜਾਣ ਤੇ ਅਤਿਅੰਤ ਦੁਖ ਦਾ ਪ੍ਰਗਟਾਵਾ ਕੀਤਾ। ਕਾਸ਼ ! ਕਿਸੇ ਨਾਲ ਅਜਿਹੀ ਘਟਨਾ ਨਾ ਵਾਪਰੇ। ਅੰਤ ਵਿੱਚ ਹਰਚੰਦ ਸਿੰਘ ਬਾਸੀ ਨੇ ਪਿਕਨਿਕ ਵਿੱਚ ਸ਼ਾਮਲ ਹੋਏ ਨਵੇਂ ਪੁਰਾਣੇ ਸੱਭ ਮਹਿਮਾਨਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਅਗਲੇ ਸਾਲ ਹੋਣ ਵਾਲੀ ਪਿਕਨਿਕ ਵੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।




Office: 416-654-1010

Sutton

Sutton Group Security Real Estate Brokerage
2700 Dufferin St #47, Toronto ON M6B4J3



"For all your real estate needs"

Anabela Serra
Sales Representative
416-400-5825
anabelserra75@gmail.com



$1,149,000

98 JOHN ST E
Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

97 JOHN ST E
Bradford West Gwillimbury, Ontario L3Z2B5



$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8



$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.


# ਗ੍ਰੀਨਬੈਲਟ ਰਿਪੋਰਟ ਤੋਂ ਬਾਅਦ ਹਾਊਸਿੰਗ ਮੰਤਰੀ ਦੇ ਚੀਫ ਆਫ ਸਟਾਫ ਨੇ ਦਿੱਤਾ ਅਸਤੀਫਾ





ਓਨਟਾਰੀਓ, 23 ਅਗਸਤ (ਪੋਸਟ ਬਿਊਰੋ) : ਡਿਵੈਲਪਮੈਂਟ ਲਈ ਮਹਿਫੂਜ਼ ਕੀਤੀ ਗਈ ਜ਼ਮੀਨ ਵਿੱਚੋਂ ਕੁੱਝ ਹਿੱਸਾ ਡਿਵੈਲਪਰਜ਼ ਨੂੰ ਦੇਣ ਸਮੇਂ ਕੁੱਝ ਖਾਸ ਵਿਅਕਤੀਆਂ ਉੱਤੇ ਮਿਹਰਬਾਨੀ ਕੀਤੇ ਜਾਣ ਦਾ ਗ੍ਰੀਨਬੈਲਟ ਰਿਪੋਰਟ ਵਿੱਚ ਦੋਸ਼ ਲੱਗਣ ਤੋਂ ਬਾਅਦ ਓਨਟਾਰੀਓ ਦੇ ਹਾਊਸਿੰਗ ਮਨਿਸਟਰ ਦੇ ਚੀਫ ਆਫ ਸਟਾਫ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਖਬਰ ਦੀ ਪੁਸ਼ਟੀ ਕੀਤੀ ਗਈ। ਰਿਪੋਰਟ ਵਿੱਚ ਆਖਿਆ ਗਿਆ ਕਿ ਉਨ੍ਹਾਂ ਵੱਲੋਂ ਫੌਰੀ ਪ੍ਰਭਾਵ ਨਾਲ ਰਾਇਨ ਅਮਾਤੋ ਦਾ ਅਸਤੀਫਾ ਮਨਜ਼ੂਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਮਾਤੋ ਹੀ ਉਹ ਸ਼ਖ਼ਸ ਸੀ ਜਿਹੜਾ ਮੂਲ ਰੂਪ ਵਿੱਚ ਇਹ ਤੈਅ ਕਰਨ ਲਈ ਜ਼ਿੰਮੇਵਾਰ ਸੀ ਕਿ ਗ੍ਰੀਨਬੈਲਟ ਦੀ ਕਿਹੜੀ ਸਾਈਟ ਡਿਵੈਲਪਮੈਂਟ ਲਈ ਦਿੱਤੀ ਜਾਵੇ। 10 ਅਗਸਤ ਨੂੰ ਓਨਟਾਰੀਓ ਦੇ ਇੰਟੇਗ੍ਰਿਟੀ ਕਮਿਸ਼ਨਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਪ੍ਰੀਮੀਅਰ ਦੇ ਆਫਿਸ ਵੱਲੋਂ ਉਨ੍ਹਾਂ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਅਮਾਤੋ ਵੱਲੋਂ ਇਸ ਫਾਈਲ ਨੂੰ ਜਿਸ ਤਰ੍ਹਾਂ ਸਾਂਭਿਆ ਗਿਆ ਉਸ ਦੀ ਜਾਂਚ ਕੀਤੀ ਜਾਵੇ। ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਅਜੇ ਤੱਕ ਜਾਂਚ ਕੀਤੇ ਜਾਣ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਆਡੀਟਰ ਜਨਰਲ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕੀਤੀਆਂ ਗਈਆਂ 15 ਸਿਫਾਰਿਸ਼ਾਂ ਵਿੱਚੋਂ ਇੱਕ ਸਿਫਾਰਿਸ਼ ਇਹ ਜਾਂਚ ਕਰਵਾਏ ਜਾਣ ਦੀ ਵੀ ਸੀ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਗ੍ਰੀਨਬੈਲਟ ਡਿਵੈਲਪਮੈਂਟ ਸਬੰਧੀ ਫੈਸਲੇ ਬੜੇ ਤੱਤਭੜੱਥੀ ਲਏ ਗਏ ਹਨ ਤੇ ਇਨ੍ਹਾਂ ਵਿੱਚ ਪਾਰਦਰਸ਼ਤਾ ਦੀ ਘਾਟ ਹੈ। ਇਸ ਤੋਂ ਇਲਾਵਾ ਇਹ ਵੀ ਆਖਿਆ ਗਿਆ ਸੀ ਕਿ ਇਸ ਦੌਰਾਨ ਐਨਵਾਇਰਮੈਂਟਲ, ਖੇਤੀਬਾੜੀ ਨਾਲ ਸਬੰਧਤ ਤੇ ਵਿੱਤੀ ਪ੍ਰਭਾਵਾਂ ਨੂੰ ਵੀ ਅੱਖੋਂ ਪਰੋਖੇ ਕੀਤਾ ਗਿਆ ਹੈ।

# ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਦਾਗਾਂ ਵਾਲੇ ਅਮਰੀਕਾ ਦੀ ਅਗਲੀ ਚੋਣ ਉੱਤੇ ਸੰਸਾਰ ਦੀਆਂ ਨਜ਼ਰਾਂ



ਜਤਿੰਦਰ ਪੰਨੂ

ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਐਟਮ ਬੰਬ ਚੱਲਣ ਦੀ ਘਟਨਾ ਨੂੰ ਅਠੱਤਰ ਸਾਲ ਹੋ ਚੁੱਕੇ ਹਨ। ਦੋਵਾਂ ਵਿੱਚ ਕੁੱਲ ਮਿਲਾ ਕੇ ਕਿੰਨੇ ਲੋਕ ਮਾਰੇ ਗਏ ਸਨ, ਇਸ ਦੀ ਗਿਣਤੀ ਬਾਰੇ ਲੱਖਾਂ ਦਾ ਮੱਤਭੇਦ ਹੈ। ਕੋਈ ਇਹ ਗਿਣਤੀ ਡੇਢ ਲੱਖ ਦੱਸਦਾ ਹੈ ਤੇ ਕਈ ਲੋਕ ਇਸ ਤੋਂ ਦੁੱਗਣੇ ਜਾਂ ਤਿੱਗਣੇ ਮਰ ਗਏ ਦੱਸਣ ਵਾਲੇ ਵੀ ਹਨ। ਮੈਂ ਇੱਕ ਪ੍ਰੋਗਰਾਮ ਵਿੱਚ ਇਸ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਉਹ ਬੰਬ ਅਮਰੀਕਾ ਨੇ ਜੰਗੀ ਲੋੜ ਵਾਸਤੇ ਨਹੀਂ ਸੀ ਚਲਾਏ, ਜੰਗ ਮੁੱਕਦੀ ਵੇਖ ਕੇ ਇਹ ਸੋਚ ਕੇ ਚਲਾਏ ਸਨ ਕਿ ਜੰਗ ਦੇ ਖਤਮ ਹੋਣ ਪਿੱਛੋਂ ਇਨ੍ਹਾਂ ਬੰਬਾਂ ਨੂੰ ਪਰਖਣ ਦਾ ਏਹੋ ਜਿਹਾ ਮੌਕਾ ਫਿਰ ਮਿਲਨਹੀਂ ਸਕਣਾ। ਮੈਨੂੰ ਇਸ ਦੇ ਪ੍ਰਤੀਕਰਮ ਵਿੱਚ ਇਹ ਕਿਹਾ ਗਿਆ ਕਿ ਤੈਨੂੰ ਜਾਪਾਨ ਦਾ ਦਰਦ ਹੈ, ਪਰ ਇਹ ਨਹੀਂ ਪਤਾ ਕਿ ਜਾਪਾਨ ਨੇ ਪਰਲ ਹਾਰਬਰ ਵਿੱਚ ਕੀ ਕੀਤਾ ਸੀ ਤੇ ਕਿੰਨੇ ਲੋਕ ਮਾਰੇ ਸਨ, ਅਮਰੀਕਾ ਨੇ ਉਸ ਪਰਲ ਹਾਰਬਰ ਦਾ ਜਵਾਬ ਦਿੱਤਾ ਸੀ ਤਾਂ ਗਲਤ ਨਹੀਂ ਸੀ ਕੀਤਾ, ਹਰ ਦੇਸ਼ ਨੂੰ ਆਪਣੇ ਹਿੱਤ ਵਿੱਚ ਇਹੋ ਜਿਹੇ ਫੈਸਲੇ ਲੈਣ ਦਾ ਹੱਕ ਹੁੰਦਾ ਹੈ। ਮੇਰੀ ਸਮਝ ਹੈ ਕਿ ਉਸ ਦੀ ਦਲੀਲ ਸਿਰੇ ਦੀ ਨਿਕੰਮੀ ਸੀ, ਜਿਹੜੀ ਹਕੀਕਤਾਂ ਨੂੰ ਝੁਠਲਾਉਣ ਵਾਲੇ ਇੱਕ ਬਹਾਨੇ ਤੋਂ ਵੱਧ ਮੰਨੀ ਜਾਣ ਵਾਲੀ ਨਹੀਂ ਅਤੇ ਇਹ ਦਲੀਲ ਸ਼ਾਇਦ ਕਿਸੇ ਨੇ ਕਦੀ ਮੰਨੀ ਵੀ ਨਹੀਂ।

ਪਹਿਲੀ ਗੱਲ ਕਿ ਪਰਲ ਹਾਰਬਰ ਦੁਖਾਂਤ ਦੂਸਰੀ ਸੰਸਾਰ ਜੰਗ ਸ਼ੁਰੂ ਹੋਣ ਵੇਲੇ ਸਾਲ 1941 ਵਿੱਚ ਵਾਪਰਿਆ ਸੀ, ਜਦੋਂ ਜਾਪਾਨੀਆਂ ਨੇ ਹਮਲਾ ਕੀਤਾ ਤੇ ਅਮਰੀਕੀ ਅੱਡੇ ਉੱਤੇ ਫੌਜੀ ਅਤੇ ਆਮ ਨਾਗਰਿਕ ਮਿਲਾ ਕੇ ਕਰੀਬ ਢਾਈ ਹਜ਼ਾਰ ਲੋਕ ਮਾਰੇ ਗਏ ਸਨ, ਉਸ ਤੋਂ ਸਾਢੇ ਤਿੰਨ ਸਾਲ ਪਿੱਛੋਂ ਕੀਤਾ ਹਮਲਾ ਉਸ ਦਾ ਪ੍ਰਤੀਕਰਮ ਨਹੀਂ ਕਿਹਾ ਜਾ ਸਕਦਾ। ਫਿਰ ਇਹ ਗੱਲ ਵੀ ਅੱਖੋਂ ਪਰੋਖੀ ਕਰਨੀ ਔਖੀ ਹੈ ਕਿ ਅਮਰੀਕਾ ਨੂੰ ਪਤਾ ਸੀ ਕਿ ਦੋਵਾਂ ਸ਼ਹਿਰਾਂ ਉੱਤੇ ਇਹ ਬੰਬ ਜਿੱਥੇ ਸੁੱਟਣਾ ਹੈ, ਓਥੇ ਲੱਖਾਂ ਦੀ ਆਬਾਦੀ ਹੈ ਅਤੇ ਇਸ ਨਾਲ ਢਾਈ ਹਜ਼ਾਰ ਦਾ ਬਦਲਾ ਲੈਣ ਲਈ ਪੰਜ-ਦਸ ਹਜ਼ਾਰ ਮੌਤਾਂ ਤੱਕ ਗੱਲ ਨਹੀਂ ਰੁਕਣੀ, ਬਹੁਤ ਵੱਡਾ ਦੁਖਾਂਤ ਵਾਪਰਨਾ ਹੈ। ਤੀਸਰੀ ਇਹ ਕਿ ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਉਹ ਦੋ ਬੰਬ ਸੁੱਟਣੇ ਸਨ, ਜਿਹੜੇ ਉਸ ਵਕਤ ਤੱਕ ਕਦੇ ਨਹੀਂ ਸਨ ਵਰਤੇ ਗਏ ਤੇ ਉਸ ਤੋਂ ਬਾਅਦ ਵੀ ਕਿਸੇ ਦੇਸ਼ ਦੀ ਏਦਾਂ ਦੇ ਬੰਬ ਵਰਤਣ ਦੀ ਕਦੇ ਜੁਰਅੱਤ ਨਹੀਂ ਪਈ। ਚੌਥੀ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਹੀਰੋਸ਼ੀਮਾ ਵਿੱਚ ਸੁੱਟੇ ਬੰਬ ਨਾਲ ਲੱਖਾਂ ਲੋਕ ਮਾਰੇ ਜਾਣ ਦੀ ਖਬਰ ਆ ਚੁੱਕੀ ਸੀ, ਅਮਰੀਕਾ ਨੇ ਦੂਸਰਾ ਹਮਲਾ ਤਿੰਨ ਦਿਨ ਬਾਅਦ ਫਿਰ ਕੀਤਾ ਤੇ ਉਸ ਵਿੱਚ ਫਿਰ ਲੱਖਾਂ ਲੋਕ ਮਾਰ ਦਿੱਤੇ ਸਨ। ਉਹ ਪਹਿਲੇ ਹਮਲੇ ਨਾਲ ਆਪਣੇ ਐਟਮ ਬੰਬ ਦੀ ਪਰਖ ਕਰ ਚੁੱਕਾ ਸੀ ਅਤੇ ਦੁਨੀਆ ਨੂੰ ਆਪਣੀ ਤਾਕਤ ਵਿਖਾ ਚੁੱਕਾ ਸੀ, ਪਰ ਉਸ ਨੇ ਫਿਰ ਇਸ ਦੀ ਦੋਹਰੀ ਪਰਖ ਲਈ ਹੱਥ ਆਇਆ ਮੌਕਾ ਵਰਤਣ ਖਾਤਰ ਲਗਾਤਾਰ ਦੂਸਰਾ ਹਮਲਾ ਕੇ ਲੱਖਾਂ ਲੋਕ ਹੋਰ ਮਾਰੇ ਸਨ। ਸੰਸਾਰ ਦੀ ਸਮੁੱਚੀ ਮਨੁੱਖਤਾ ਇਸ ਹਰਕਤ ਤੋਂ ਬੁਰੀ ਤਰ੍ਹਾਂ ਕੰਬ ਗਈ ਸੀ ਅਤੇ ਅੱਜ ਤੱਕ ਉਸ ਹਮਲੇ ਦੀ ਕੰਬਣੀ ਸੰਸਾਰ ਦੇ ਲੋਕ ਮਹਿਸੂਸ ਕਰਦੇ ਹਨ।

ਦੂਸਰੀ ਸੰਸਾਰ ਜੰਗ ਦੇ ਬਾਅਦ ਬਹੁਤ ਸਾਰੇ ਫੌਜੀ, ਜਿਹੜੇ ਦੂਸਰੇ ਦੇਸ਼ਾਂ ਵਿਰੁੱਧ ਲੜ ਚੁੱਕੇ ਅਤੇ ਖੁਦ ਇਸ ਜੰਗ ਦਾ ਨੁਕਸਾਨ ਜਰ ਚੁੱਕੇ ਸਨ, ਉਹ ਅਮਨ ਦੀ ਲਹਿਰ ਚਲਾਉਣ ਨਿਕਲ ਤੁਰੇ ਸਨ। ਸੋਵੀਅਤ ਰੂਸ ਦਾ ਇੱਕ ਹਵਾਈ ਫੌਜ ਦਾ ਪਾਇਲਟ ਅਲੈਕਸੀ ਪਿਤਰੋਵਿਚ ਮਾਰੇਸਯੇਵ ਉਸ ਜੰਗ ਦੌਰਾਨ ਆਪਣੀਆਂ ਦੋਵੇਂ ਲੱਤਾ ਗੁਆ ਚੁੱਕਾ ਸੀ, ਸੰਸਾਰ ਜੰਗ ਖਤਮ ਹੋਣ ਪਿੱਛੋਂ ਭਵਿੱਖ ਦੀਆਂ ਜੰਗਾਂ ਰੋਕਣ ਲਈ ਅਮਨ ਲਹਿਰ ਵਿੱਚ ਸੰਸਾਰ ਭਰ ਵਿੱਚ ਘੁੰਮ ਕੇ ਅਤੇ ਆਪਣੀ ਦੋਵੇਂ ਅੱਧੀਆਂ ਰਹਿ ਗਈਆਂ ਲੱਤਾਂ ਦੇ ਡੁੱਚ ਵਿਖਾ ਕੇ ਦੱਸਣ ਗਿਆ ਸੀ ਕਿ ਜੰਗ ਚੰਗੀ ਨਹੀਂ ਹੁੰਦੀ। ਦੂਜੇ ਪਾਸੇ ਅਮਰੀਕਾ ਇਸ ਦੇ ਬਾਅਦ ਵੀ ਜੰਗਾਂ ਵਿੱਚ ਉਲਝਿਆ ਰਿਹਾ ਅਤੇ ਕਈ ਦੇਸ਼ਾਂ ਵਿੱਚ ਉਸ ਨੇ ਨੇਪਾਮ ਬੰਬ ਵਰਤਣ ਦਾ ਅਗਲਾ ਪਾਪ ਵੀ ਕੀਤਾ ਸੀ, ਜਿਸ ਤੋਂ ਬਚਿਆ ਜਾ ਸਕਦਾ ਸੀ। ਨੇਪਾਮ ਬੰਬ ਬੇਸ਼ੱਕ ਐਟਮ ਬੰਬ ਨਹੀਂ, ਪਰ ਇਸ ਦਾ ਕਹਿਰ ਛੋਟਾ ਨਹੀਂ, ਜਿਨ੍ਹਾਂ ਲੋਕਾਂ ਉੱਤੇ ਇਸ ਦਾ ਕਹਿਰ ਪਿਆ, ਉਹ ਹੀ ਜਾਣਦੇ ਹਨ। ਵੀਅਤਨਾਮ ਦੀ ਜੰਗ ਵੇਲੇ ਅਮਰੀਕਾ ਦੇ ਸੁੱਟੇ ਨੇਪਾਮ ਬੰਬ ਨਾਲ ਪਈ ਮਾਰ ਦੇ ਸਤਾਏ ਜਿਹੜੇ ਲੋਕ ਜਾਨਾਂ ਬਚਾਉਣ ਲਈ ਦੌੜਦੇ ਪਏ ਸਨ, ਉਨ੍ਹਾਂ ਵਿੱਚ ਚੀਕਦੀ ਹੋਈ ਬਿਨਾਂ ਕੱਪੜਿਆਂ ਤੋਂ ਅਲਫ ਨੰਗੀ ਦੌੜਦੀ ਜਾਂਦੀ ਨੌਂ ਸਾਲਾ ਬੱਚੀ ਦੀ ਤਸਵੀਰ ਜਦੋਂ ਛਪੀ ਤਾਂ ਅਮਰੀਕੀ ਲੋਕਾਂ ਨੇ ਵੀ ਆਪਣੀ ਉਸ ਵੇਲੇ ਦੀ ਹਕੂਮਤ ਨੂੰ ਲਾਹਨਤਾਂ ਪਾਈਆਂ ਸਨ। ਉਸ ਦੇ ਬਾਅਦ ਏਦਾਂ ਦੀ ਖਤਰਨਾਕ ਬੰਬਾਂ ਦੀ ਵਰਤੋਂ ਬੰਦ ਕਰਨ ਲਈਯੂ ਐੱਨ ਓ ਦੀ ਅਗਵਾਈ ਹੇਠ ਗੱਲ ਚੱਲੀ ਅਤੇ ਫਿਰ ਬਾਕੀ ਸਾਰੇ ਦੇਸ਼ਾਂ ਨੇ ਇਸ ਉੱਤੇ ਹਾਮੀ ਭਰ ਦਿੱਤੀ, ਪਰ ਅਮਰੀਕਾ ਨੇ ਇਸ ਚਾਰਟਰ ਉੱਤੇ ਦਸਖਤ ਕਰਨ ਵਿੱਚ ਵੀ ਪੰਝੀ ਸਾਲ ਦੇ ਲਗਭਗ ਲਾ ਦਿੱਤੇ ਸਨ।

ਕਈ ਲੋਕ ਸਾਨੂੰ ਇਹ ਕਹਿੰਦੇ ਹਨ ਕਿ ਅਮਰੀਕਾ ਵਿੱਚ ਰਿਪਬਲੀਕਨ ਪਾਰਟੀ ਜਿੱਤ ਜਾਵੇ ਜਾਂ ਡੈਮੋਕਰੇਟਸ ਜਿੱਤ ਜਾਣ, ਇਸ ਨਾਲ ਨੀਤੀਆਂ ਵਿੱਚ ਕੋਈ ਖਾਸ ਮੋੜਾ ਨਹੀਂ ਆਉਂਦਾ। ਇਹ ਗੱਲ ਮੰਨਣ ਵਾਲੀ ਨਹੀਂ। ਬਰਾਕ ਓਬਾਮਾ ਦੀ ਜਿੱਤ ਨੇ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਮੋੜਾ ਆਉਂਦਾ ਹੈ, ਬੱਸ ਮੋੜਾ ਲਿਆਉਣ ਦੀ ਨੀਤ ਅਤੇ ਉਸ ਨੀਤ ਲਈ ਕੁਝ ਕਰਨ ਦੀ ਜੁਰਅੱਤ ਕਰਨ ਜੋਗਾ ਬੰਦਾ ਚਾਹੀਦਾ ਹੈ, ਸਭ ਕੁਝ ਹੋ ਸਕਦਾ ਹੈ। ਖਤਰਨਾਕ ਹਥਿਆਰਾਂ ਦੀ ਵਰਤੋਂ ਨਾ ਕਰਨ ਦੀ ਸਹਿਮਤੀ ਦਾ ਮਤਾ ਯੂ ਐੱਨ ਓ ਵੱਲੋਂ ਪਾਸ ਕੀਤੇ ਜਾਣ ਪਿੱਛੋਂ ਪੰਝੀ ਸਾਲ ਅਮਰੀਕੀ ਸਰਕਾਰਾਂ ਨੇ ਅੱਖੋਂ ਪਰੋਖੇ ਕੀਤਾ, ਪਰ ਬਰਾਕ ਓਬਾਮਾ ਨੇ ਰਾਸ਼ਟਰਪਤੀ ਬਣ ਕੇ ਜਿਹੜਾ ਪਹਿਲਾ ਪੂਰਾ ਦਿਨ ਮਹਾਸ਼ਕਤੀ ਦੇ ਮੁਖੀ ਦੀ ਕੁਰਸੀ ਉੱਤੇ ਆਪਣੇ ਫਰਜ਼ਾਂ ਦੀ ਪੂਰਤੀ ਲਈ ਦਿੱਤਾ, ਓਸੇ ਦਿਨ ਯੂ ਐੱਨ ਓ ਦੇ ਉਸ ਮਤੇ ਦੀ ਪ੍ਰਵਾਨਗੀ ਦੀ ਫਾਈਲ ਉੱਤੇ ਦਸਖਤ ਕਰਨ ਦਾ ਫਰਜ਼ ਨਿਭਾ ਦਿੱਤਾ ਸੀ। ਇਸ ਨਾਲ ਦੁਨੀਆ ਦੇ ਲੋਕਾਂ ਨੂੰ ਇੱਕ ਸੰਦੇਸ਼ ਗਿਆ ਸੀ, ਪਰ ਏਦੂੰ ਅਗਲਾ ਕਦਮ ਬਰਾਕ ਓਬਾਮਾ ਨੇ ਓਦੋਂ ਪੁੱਟਿਆ, ਜਦੋਂ ਉਹ ਜਾਪਾਨ ਦੇ ਦੌਰੇ ਦੌਰਾਨ ਹੀਰੋਸ਼ੀਮਾ ਦੀ ਯਾਦਗਾਰ ਵਿਖੇ ਗਿਆ ਅਤੇ ਉਸ ਯਾਦਗਾਰ ਅੱਗੇ ਗੋਡਿਆਂ ਪਰਨੇ ਹੋ ਕੇ ਨੀਂਵੀ ਪਾ ਕੇ ਬੈਠ ਗਿਆ ਸੀ। ਓਦੋਂ ਉਸ ਨੇ ਕਿਹਾ ਸੀ ਕਿ ਜੋ ਵਾਪਰ ਗਿਆ, ਉਹ ਦੋਬਾਰਾ ਨਹੀਂ ਵਾਪਰਨਾ ਚਾਹੀਦਾ ਅਤੇ ਅਮਰੀਕਾ ਦੇ ਨਸਲਵਾਦੀਆਂ ਦੀ ਇੱਕ ਧਿਰ ਇਸ ਤਰ੍ਹਾਂ ਕਰਨ ਤੋਂ ਖੁਸ਼ ਨਹੀਂ ਸੀ ਹੋਈ, ਅੰਦਰੋ-ਅੰਦਰ ਬੁੜਬੁੜ ਕਰਦੀ ਰਹੀ ਸੀ। ਬਰਾਕ ਓਬਾਮਾ ਦੇ ਹੀਰੋਸ਼ੀਮਾ ਜਾਣ ਨਾਲ ਐਟਮ ਬੰਬ ਦੇ ਕਹਿਰ ਦਾ ਸ਼ਿਕਾਰ ਹੋ ਕੇ ਮਰ ਗਏ ਲੋਕ ਨਹੀਂ ਸਨ ਮੁੜ ਆਉਣੇ, ਨਾ ਉਸ ਬੰਬ ਦੇ ਪ੍ਰਭਾਵ ਲੈ ਕੇ ਜੰਮਦੀ ਅਗਲੀ ਪੀੜ੍ਹੀ ਦੇ ਲੋਕਾਂ ਨੇ ਇਸ ਹਮਦਰਦੀ ਨਾਲ ਠੀਕ ਹੋ ਜਾਣਾ ਸੀ, ਪਰ ਇੱਕ ਸੰਦੇਸ਼ ਮਿਲ ਗਿਆ ਕਿ ਇਹ ਨਹੀਂ ਸੀ ਹੋਣਾ ਚਾਹੀਦਾ।

ਅੱਜ ਅਮਰੀਕਾ ਇੱਕ ਵਾਰ ਫਿਰ ਦੇਸ਼ ਦੇ ਮੁਖੀ ਦੀ ਚੋਣ ਦੇ ਦਰਾਂ ਉੱਤੇ ਹੈ ਤੇ ਦੋਵੇਂ ਧਿਰਾਂ ਇਹ ਚੋਣ ਜਿੱਤਣ ਦੇ ਲਈ ਜ਼ੋਰ ਲਾਉਣ ਵਾਲੀਆਂ ਹਨ। ਦੂਸਰੇ ਪਾਸੇ ਮਨੁੱਖਤਾ ਇੱਕ ਹੋਰ ਜੰਗ ਵੇਖ ਰਹੀ ਹੈ, ਜਿਸ ਨੂੰ ਸ਼ੁਰੂ ਹੋਇਆਂ ਡੇਢ ਕੁ ਸਾਲ ਹੋ ਚੁੱਕਾ ਹੈ, ਪਰ ਕਿਸੇ ਸਿਰੇ ਨਹੀਂ ਲੱਗ ਸਕੀ, ਲੋਕ ਮਰ ਰਹੇ ਹਨ। ਰੂਸ ਅਤੇ ਯੂਕਰੇਨ ਦੀ ਇਸ ਜੰਗ ਵਿੱਚ ਬਿਨਾਂ ਸ਼ੱਕ ਜ਼ਾਹਰਾ ਤੌਰ ਉੱਤੇ ਉਹ ਦੋਵੇਂ ਧਿਰਾਂ ਲੜਦੀਆਂ ਹਨ, ਪਰ ਅਮਲ ਵਿੱਚ ਯੂਕਰੇਨੀ ਫੌਜ ਲੜਦੀ ਪਈ ਹੈ ਤੇ ਜਵਾਨ ਵੀ ਉਸੇ ਦੇ ਮਰਦੇ ਪਏ ਹਨ, ਲੜਾਈ ਦਾ ਸਾਮਾਨ ਅਤੇ ਮੈਦਾਨੀ ਲੜਾਈ ਦੇ ਨੁਸਖੇ ਬਾਹਰੋਂ ਭੇਜੇ ਜਾਣ ਵਾਲੀ ਗੱਲ ਕਿਸੇ ਤੋਂ ਲੁਕਾਈ ਨਹੀਂ ਜਾ ਸਕਦੀ। ਉਸ ਨੂੰ ਫੌਜੀ ਗੱਠਜੋੜ ਨਾਟੋ ਦੀ ਮੈਂਬਰੀ ਦੇਣ ਦਾ ਲਾਰਾ ਲਾ ਕੇ ਰੂਸ ਨਾਲ ਲੜਨ ਦੇ ਰਾਹ ਪਾ ਚੁੱਕਣ ਦੇ ਬਾਅਦ ਨਾਟੋ ਦੀ ਮੀਟਿੰਗ ਵਿੱਚ ਉਸ ਦੀ ਮੈਂਬਰੀ ਦੀ ਗੱਲ ਵੀ ਸਿਰੇ ਨਹੀਂ ਚੜ੍ਹ ਸਕੀ। ਗਵਾਂਢੀ ਦੇਸ਼ ਨਾਲ ਸੰਬੰਧ ਪਹਿਲਾਂ ਵੀ ਚੰਗੇ ਨਹੀਂ ਸਨ ਅਤੇ ਨਾਟੋ ਮੈਂਬਰੀ ਦੀ ਝਾਕ ਵਿੱਚ ਉਹ ਹੋਰ ਵਿਗਾੜ ਕੇ ਲੜਨ ਵਾਲੇ ਰਾਹ ਪੈ ਚੁਕਣ ਦੇ ਬਾਅਦ ਪਿੱਛੇ ਮੁੜਨ ਜੋਗਾ ਨਹੀਂ ਰਿਹਾ ਜਾਪਦਾ। ਜਿਹੜਾ ਜੰਗੀ ਸਾਮਾਨ ਉਸ ਨੂੰ ਭੇਜਿਆ ਜਾ ਰਿਹਾ ਹੈ, ਉਹ ਲੜਨ ਦੇ ਕੰਮ ਆ ਸਕਦਾ ਹੈ, ਲੜਾਈ ਦਾ ਸਿੱਟਾ ਤਾਂ ਯੂਕਰੇਨ ਦੇ ਲੋਕਾਂ ਨੇ ਹੀ ਭੁਗਤਣਾ ਹੈ। ਉਹ ਕਿਸੇ ਦੇ ਕਹੇ ਉੱਤੇ ਇੱਕ ਦਿਨ ਰੂਸ ਵੱਲ ਡਰੋਣ ਹਮਲੇ ਕਰਨ ਵਰਗਾ ਕਦਮ ਚੁੱਕਦਾ ਹੈ, ਅਗਲੇ ਦਿਨ ਰੂਸ ਦੇ ਜਵਾਬੀ ਹੱਲੇ ਦੀ ਸੱਟ ਝੱਲਣੀ ਪੈ ਜਾਂਦੀ ਹੈ। ਸੰਸਾਰ ਭਰ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਅਮਰੀਕਾ ਇਸ ਲੜਾਈ ਦੇ ਬਹਾਨੇ ਨਵੇਂ ਬਣਵਾਏ ਜੰਗੀ ਹਥਿਆਰਾਂ ਦੀ ਪਰਖ ਵੀ ਕਰਦਾ ਪਿਆ ਹੈ ਤੇ ਦੁਨੀਆ ਭਰ ਦੇ ਦੇਸ਼ਾਂ ਨੂੰ ਇਹ ਸਾਮਾਨ ਵੇਚਣ ਵਾਸਤੇ ਇਨ੍ਹਾਂ ਦੀ ਮਾਰੂ ਸਮਰੱਥਾ ਦੀ ਨੁਮਾਇਸ਼ ਵੀ ਕਰੀ ਜਾਂਦਾ ਹੈ। ਇਹ ਗੱਲ ਵੀ ਸੰਸਾਰ ਭਰ ਵਿੱਚ ਚਰਚਾ ਦਾ ਵਿਸ਼ਾ ਹੈ ਕਿ ਇੱਕ ਪਿੱਛੋਂ ਦੂਸਰੀ ਜੰਗ ਖੁਦ ਲੜਨੀ ਜਾਂ ਕਿਸੇ ਦੋ ਦੇਸ਼ਾਂ ਵਿੱਚ ਲੜਾਈ ਪਾ ਛੱਡਣ ਦਾ ਇੱਕ ਕਾਰਨ ਇਹ ਵੀ ਹੁੰਦਾ ਹੈ ਕਿ ਅਮਰੀਕਾ ਦੀ ਜੰਗੀ ਸਾਮਾਨ ਦੀ ਇੰਡਸਟਰੀ ਨੂੰ ਚੱਲਦੀ ਰੱਖਣ ਲਈ ਵੇਚਣ ਵਾਲੇ ਸਾਮਾਨ ਦੀ ਪਰਦਰਸ਼ਨੀ ਵਾਲਾ ਪਲੇਟਫਾਰਮ ਲਗਾਤਾਰ ਸਰਗਰਮ ਰੱਖਿਆ ਜਾਵੇ। ਇਹੋ ਜਿਹੇ ਹਾਲਾਤ ਵਿੱਚ ਹੋ ਰਹੀਆਂ ਹਨ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ।

ਨੇਪਾਮ ਬੰਬ ਅਤੇ ਐਟਮ ਬੰਬ ਦੀ ਪਰਖ ਦੇ ਕਾਲੇ ਤਜਰਬੇ ਕਰ ਚੁੱਕਾ ਦੁਨੀਆ ਦਾ ਇਕਲੌਤਾ ਦੇਸ਼, ਜਿਸ ਕਾਰਨ ਯੂ ਐੱਨ ਨੂੰ ਖਤਰਨਾਕ ਹਥਿਆਰਾਂ ਦੀ ਵਰਤੋਂ ਦੇ ਮਤੇ ਪਾਸ ਕਰਨੇ ਪਏ ਹੋਣ, ਅਗਲੇ ਸਾਲਾਂ ਵਿੱਚ ਕਿਹੋ ਜਿਹਾ ਹੋਵੇ ਅਤੇ ਇਸ ਦੀ ਚੌਧਰ ਕਿਸੇ ਦੇ ਹੱਥ ਹੋਵੇ, ਅਮਰੀਕੀ ਲੋਕਾਂ ਲਈ ਇਹ ਸੌਖਾ ਸਵਾਲ ਨਹੀਂ। ਦੁਨੀਆ ਦੇ ਲੋਕਾਂ ਨੂੰ ਲੋਕਤੰਤਰ ਦਾ ਪਾਠ ਪੜ੍ਹਾਉਣ ਵਾਲਾ ਅਮਰੀਕਾ ਖੁਦ ਕਿਹੜੇ ਰਾਹ ਪਵੇਗਾ, ਸੰਸਾਰ ਦੀ ਨਜ਼ਰ ਏਧਰ ਲੱਗੀ ਰਹੇਗੀ।

Tech Spirit

Consultation, Installation & Servicing

Specialized in:
• Analog & IP security cameras • Installation & Maintenance, Upgrade • Video Doorbell Installation

Call: 905-621-4100

7-8770 The Gore Road, Brampton, ON L6P 0B1

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial
### ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 32-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Call: 204-510-7658 or 437-881-7282

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਣੇਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ ਵਿੱਚ ਡਾ. ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਬਾਰੇ ਹੋਈ ਵਿਚਾਰ-ਚਰਚਾ

## ਜਗਮੇਲ ਸਿੰਘ ਰਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਹੋਈ ਲੋਕ-ਅਰਪਿਤ, ਕਵੀ-ਦਰਬਾਰ ਵੀ ਹੋਇਆ





ਬਰੈਂਪਟਨ, (ਡਾ. ਝੰਡ)- ਕੈਨੇਡੀਅਨ ਪੰਜਾਬੀ ਸਾਹਿਤ ਟਰਾਂਟੋ ਦੇ ਲੰਘੇ ਐਤਵਾਰ 20 ਅਗਸਤ ਨੂੰ ਹੋਏ ਸਮਾਗਮ ਵਿੱਚ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਬਾਰੇ ਭਾਵਪੂਰਤ ਵਿਚਾਰ-ਚਰਚਾ ਕੀਤੀ ਗਈ ਅਤੇ ਇਸ ਦੇ ਨਾਲ ਹੀ ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਵੀ ਲੋਕ-ਅਰਪਿਤ ਕੀਤੀ ਗਈ। ਉੱਘੀ ਕਵਿੱਤਰੀ ਸੁਰਜੀਤ ਕੌਰ ਅਤੇ ਡਾ. ਸਤਿੰਦਰ ਕਾਹਲੋਂ ਵੱਲੋਂ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਉੱਪਰ ਪੇਪਰ ਪੜ੍ਹੇ ਗਏ। ਉਪਰੰਤ, ਬਹਿਸ ਵਿੱਚ ਭਾਗ ਲੈਂਦਿਆਂ ਕਈ ਬੁਲਾਰਿਆਂ ਵੱਲੋਂ ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਪ੍ਰਿੰਸੀਪਲ ਸਰਵਣ ਸਿੰਘ, ਪ੍ਰੌੜ੍ਹ ਲੇਖਕ ਪੂਰਨ ਸਿੰਘ ਪਾਂਧੀ, ਕੰਪਿਊਟਰ ਦੀ ਮੁਹਾਰਤ ਰੱਖਣ ਵਾਲੇ ਕ੍ਰਿਪਾਲ ਸਿੰਘ ਪੰਨੂੰ, ਸਮਾਜ-ਸੇਵੀ ਗੁਰਦੇਵ ਸਿੰਘ ਮਾਨ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਪੁਸਤਕ 'ਤੇ ਪੇਪਰ ਪੜ੍ਹਨ ਵਾਲੀਆਂ ਵਿਦਵਾਨ ਬੀਬੀਆਂ ਸੁਰਜੀਤ ਕੌਰ ਤੇ ਸਤਿੰਦਰ ਕਾਹਲੋਂ ਸੁਸ਼ੋਭਿਤ ਸਨ।

ਪ੍ਰੋਗਰਾਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗਮ ਵਿੱਚ ਸ਼ਾਮਲ ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਦਾ ਹਾਰਦਿਕ ਸੁਆਗਤ ਕੀਤਾ ਗਿਆ। ਉਪਰੰਤ, ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਸੰਖੇਪ ਜਾਣਕਾਰੀ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਦਿੱਤੀ ਗਈ। ਇਸ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸੁਰਜੀਤ ਕੌਰ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ ਬਾਰੇ ਆਪਣਾ ਪੇਪਰ ਪੜ੍ਹਨ ਦੀ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਦੇ ਆਰੰਭ ਵਿੱਚ ਵਿੱਚ ਕਿਹਾ ਕਿ ਵਾਰਤਕ ਪੜ੍ਹ ਕੇ ਪਾਠਕ ਦੀ ਬੌਧਿਕ ਸੰਤੁਸ਼ਟੀ ਹੁੰਦੀ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਅੱਜਕੱਲ੍ਹ ਵਾਰਤਕ ਬਹੁਤ ਘੱਟ ਲਿਖੀ ਜਾ ਰਹੀ ਹੈ ਅਤੇ ਕੁਝ ਗਿਣੇ ਚੁਣੇ ਲੇਖਕ ਹੀ ਵਾਰਤਕ ਲਿਖ ਰਹੇ ਹਨ। ਉਨ੍ਹਾਂ ਅਨੁਸਾਰ ਸੁਖਦੇਵ ਸਿੰਘ ਝੰਡ ਕੈਨੇਡਾ ਦੇ ਉਨ੍ਹਾਂ ਚੰਦ ਲੇਖਕਾਂ ਵਿੱਚੋਂ ਹੈ ਜਿਹੜੇ ਵਾਰਤਕ ਲਿਖਣ ਵੱਲ ਰੁਚਿਤ ਹਨ। ਪੁਸਤਕ ਵਿਚ ਸ਼ਾਮਲ ਲੇਖਾਂ ਦੇ ਵਿਸ਼ਾ-ਵਸਤੂ ਅਤੇ ਵਿਸ਼ੇ-ਵੰਡ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੱਸਿਆ ਕਿ ਦੋ ਭਾਗਾਂ ਵਿਚ ਵੰਡੀ ਹੋਈ ਇਸ ਪੁਸਤਕ ਦੇ ਪਹਿਲੇ ਭਾਗ ਵਿਚ 16 ਲੇਖ ਵੱਖ-ਵੱਖ ਮਨੁੱਖੀ ਸਰੋਕਾਰਾਂ ਬਾਰੇ ਹਨ ਅਤੇ ਦੂਸਰੇ ਭਾਗ ਵਿਚਲੇ 12 ਲੇਖ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਾਹਿਤਕ ਸ਼ਖਸੀਅਤਾਂ ਸਬੰਧੀ ਹਨ। ਉਨ੍ਹਾਂ ਹੋਰ ਕਿਹਾ ਕਿ ਪੁਸਤਕ ਦੀ ਭਾਸ਼ਾ ਸਾਦਾ, ਸਰਲ ਤੇ ਰਵਾਨਗੀ ਭਰੀ ਹੈ ਅਤੇ ਪੁਸਤਕ ਪੜ੍ਹਦਿਆਂ ਪਾਠਕ ਕਿਧਰੇ ਵੀ ਅਕੇਵਾਂ ਮਹਿਸੂਸ ਨਹੀਂ ਕਰਦਾ।

ਸਮਾਗ਼ਮ ਦੇ ਦੂਸਰੇ ਬੁਲਾਰੇ ਸਤਿੰਦਰ ਕਾਹਲੋਂ ਨੇ ਆਪਣੇ ਪੇਪਰ ਵਿੱਚ ਪੁਸਤਕ 'ਸਰੋਕਾਰ ਤੇ ਸਖ਼ਸੀਅਤਾਂ' ਦੀ ਬਣਤਰ ਅਤੇ ਇਸ ਵਿਚਲੇ ਮੈਟਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੇਖਕ ਵੱਲੋਂ ਇਤਿਹਾਸਕ, ਸਮਾਜਿਕ, ਧਾਰਮਿਕ ਅਤੇ ਮਨੁੱਖੀ ਸਰੋਕਾਰਾਂ ਨਾਲ ਜੁੜੇ ਇਹ ਖੋਜ ਭਰਪੂਰ ਲੇਖ ਸਖ਼ਤ ਮਿਹਨਤ ਨਾਲ ਲਿਖੇ ਗਏ ਹਨ। 'ਮੈਂ

ਪੰਜਾਬ ਬੋਲਦਾ ਹਾਂ', 'ਬੜੀ ਦੇਰ ਕੀ ਮਿਹਰਬਾਂ ਆਤੇ-ਆਤੇ', 'ਪਹਿਲਾ ਪਾਣੀ ਜੀਓ ਹੈ', 'ਲਗਾਤਾਰ ਵਿਗੜ ਰਿਹਾ ਏ ਵਾਤਾਵਰਣ', 'ਆਚਰਣ ਹੀ ਸੱਭ ਕੁੱਝ ਹੈ','ਆਦਤਾਂ ਬਦਲੀਆਂ ਵੀ ਜਾ ਸਕਦੀਆਂ ਨੇ', ਆਦਿ ਲੇਖਾਂ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਇਨ੍ਹਾਂ ਦੀ ਸਾਰਥਿਕਤਾ ਦੀ ਗੱਲ ਬਾਖ਼ੂਬੀ ਕੀਤੀ। ਉਨ੍ਹਾਂ ਕਿਹਾ ਕਿ ਲੇਖਕ ਵਾਤਾਵਰਣ ਅਤੇ ਸਮਾਜ ਪ੍ਰਤੀ ਪੂਰਨ ਜਾਗਰੂਕ ਹੈ ਅਤੇ ਇਸ ਦੇ ਲਈ ਚਿੰਤਾਤੁਰ ਵੀ ਹੈ। ਪੁਸਤਕ ਦੇ ਦੂਸਰੇ ਭਾਗ ਸ਼ਖ਼ਸੀਅਤਾਂ ਵਿਚਲੇ ਲੇਖਾਂ ਵਿੱਚੋਂ 'ਕਿਸਾਨ ਅੰਦੋਲਨ ਦਾ ਮਾਣ: ਡਾ. ਸਵੈਮਾਨ ਸਿੰਘ ਪੱਖੋਕੇ' ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿੱਚ ਡਾ. ਸਵੈਮਾਨ ਸਿੰਘ ਦੇ ਪਰਿਵਾਰਕ ਪਿਛੋਕੜ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵਧੇਰੇ ਚੱਲੇ ਅੰਦੋਲਨ ਵਿਚ ਉਸ ਦੇ ਵੱਲੋਂ ਨਿਭਾਈ ਗਈ ਵਿਸ਼ੇਸ਼ ਭੂਮਿਕਾ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਦਰਸਾਇਆ ਗਿਆ ਹੈ।

ਉਪਰੰਤ ਹੋਈ ਵਿਚਾਰ-ਚਰਚਾ ਵਿੱਚ ਭਾਗ ਲੈਂਦਿਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਲੋਕ-ਅਰਪਿਤ ਹੋਈ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਗੱਲ ਕਰਦਿਆਂ ਪੰਜਾਬ ਦੇ ਪਿੰਡਾਂ ਬਾਰੇ ਜਾਣਕਾਰੀ ਮੁਹੱਈਆ ਕਰਦੀਆਂ ਅਜਿਹੀਆਂ ਪੁਸਤਕਾਂ ਛਪਣ 'ਤੇ ਜਗਮੇਲ ਸਿੰਘ ਜਠੌਲ ਨੂੰ ਵਧਾਈ ਦਿੱਤੀ ਅਤੇ ਲੇਖਕਾਂ ਨੂੰ ਹੋਰ ਵੀ ਅਜਿਹੀਆਂ ਪੁਸਤਕਾਂ ਲਿਖਣ ਦੀ ਲੋੜ 'ਤੇ ਜ਼ੋਰ ਦਿੱਤਾ। ਵਿਚਾਰ-ਚਰਚਾ ਅਧੀਨ ਪੁਸਤਕ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਝੰਡ ਬਹੁ-ਪੱਖੀ ਲੇਖਕ ਹੈ। ਉਸ ਨੇ ਵਾਰਤਕ ਲਿਖਣ ਦਾ ਆਪਣਾ ਸਫ਼ਰ ਰੁੱਖਾਂ ਬਾਰੇ ਤਿੰਨ ਪੁਸਤਕਾਂ ਨਾਲ ਸ਼ੁਰੂ ਕੀਤਾ ਅਤੇ ਉਹ ਕਵਿਤਾਵਾਂ ਦੀ ਇੱਕ ਕਿਤਾਬ ਅਤੇ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ' ਤੋਂ ਇਲਾਵਾ ਆਪਣੇ ਕਿੱਤੇ ਲਾਇਬ੍ਰੇਰੀ ਸਾਇੰਸ ਨਾਲ ਸਬੰਧਿਤ ਵੀ ਤਿੰਨ ਪੁਸਤਕਾਂ ਛਪਵਾ ਚੁੱਕਾ ਹੈ। ਉੱਘੇ ਲੇਖਕ ਪੂਰਨ ਸਿੰਘ ਪਾਂਧੀ ਨੇ ਡਾ. ਝੰਡ ਦੀ ਵਾਰਤਕ-ਸ਼ੈਲੀ ਅਤੇ ਇਸ ਦੀ ਰਵਾਨਗੀ ਦੀ ਸਰਾਹਨਾ ਕਰਦਿਆਂ ਹੋਇਆਂ ਇਸ ਪੁਸਤਕ ਵਿਚਲੇ ਲੇਖਾਂ ਦੇ ਵਿਸ਼ਾਲ ਘੇਰੇ ਅਤੇ ਵਿਲੱਖਣਤਾ ਦੀ ਗੱਲ ਕੀਤੀ। ਕ੍ਰਿਪਾਲ ਸਿੰਘ ਪੰਨੂੰ ਨੇ ਪੰਜਾਬੀ ਫ਼ੌਂਟਸ ਵਿੱਚ ਮਿਆਰੀਕਰਨ ਦੀ ਗੱਲ ਕਰਦਿਆਂ ਕਿਹਾ ਕਿ ਸ਼ਬਦ-ਜੋੜਾਂ ਵਿੱਚ ਸਮਾਨਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡਾ. ਝੰਡ ਨੇ ਪੁਸਤਕ ਦੇ ਪਰੂਫ਼ ਕਈ ਵਾਰ ਪੜ੍ਹ ਕੇ ਇਸ ਵਿੱਚ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਦੀ ਗੁੰਜਾਇਸ਼ ਬੜੀ ਘੱਟ ਰਹਿਣ ਦਿੱਤੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਲੇਖਕ ਦੀਆਂ ਰੁੱਖਾਂ ਨਾਲ ਸਬੰਧਿਤ ਪੁਸਤਕਾਂ ਦੀ ਚਰਚਾ ਕਰਦਿਆਂ ਇਸ ਪੁਸਤਕ ਨੂੰ ਉਸ ਲੜੀ ਵਿੱਚ ਸ਼ਾਮਲ ਕੀਤਾ। ਡਾ. ਨਾਹਰ ਸਿੰਘ ਦਾ ਕਹਿਣਾ ਸੀ ਕਿ ਕਵਿਤਾ ਮਨੁੱਖ ਨੂੰ ਭਾਵੁਕ ਕਰਦੀ ਹੈ ਅਤੇ ਵਾਰਤਕ ਬੰਦੇ ਨੂੰ 'ਬੰਦਾ' ਬਣਾਉਂਦੀ ਹੈ। ਪੁਸਤਕ ਦਾ ਸੁਆਗ਼ਤ ਕਰਦਿਆਂ ਹੋਇਆਂ ਉਨ੍ਹਾਂ ਇਸ ਨੂੰ ਪੰਜਾਬੀ ਵਾਰਤਕ ਵਿਚ ਨਿੱਗਰ ਵਾਧਾ ਦੱਸਿਆ। ਇਨ੍ਹਾਂ ਤੋਂ ਇਲਾਵਾ ਹਰਦੀਪ ਕੌਰ ਅਤੇ ਸੁਰਿੰਦਰਜੀਤ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗ਼ਮ ਦੇ ਦੂਸਰੇ ਭਾਗ ਦੇ ਪ੍ਰਧਾਨਗੀ-ਮੰਡਲ ਵਿੱਚ ਸੁਖਚਰਨਜੀਤ ਗਿੱਲ, ਸੁਰਿੰਦਰਜੀਤ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਇਸ ਦਾ ਸੰਚਾਲਨ ਕਰਦਿਆਂ ਪਰਮਜੀਤ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਸੁਖਚਰਨਜੀਤ ਗਿੱਲ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ। ਉਪਰੰਤ, ਵਾਰੋ-ਵਾਰੀ ਮਕਸੂਦ ਚੌਧਰੀ, ਪ੍ਰਿੰ. ਗਿਆਨ ਸਿੰਘ ਘਈ, ਕਰਨ ਅਜਾਇਬ ਸਿੰਘ ਸੰਘਾ, ਪੰਜਾਬ ਸਿੰਘ ਕਾਹਲੋਂ, ਇਕਬਾਲ ਬਰਾੜ, ਡਾ. ਜਗਮੋਹਨ ਸੰਘਾ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਹਰਜੀਤ ਸਿੰਘ, ਜੱਸੀ ਭੁੱਲਰ, ਸਤਪਾਲ ਸਿੰਘ ਕੋਮਲ, ਰਮਿੰਦਰ ਵਾਲੀਆ, ਹਰਭਜਨ ਕੌਰ ਗਿੱਲ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ। ਇਸ ਦੌਰਾਨ 'ਵਿਸ਼ਵ ਪੰਜਾਬੀ ਸਭਾ ਕਨੇਡਾ' ਦੇ ਚੇਅਰਮੈਨ

ਦਲਬੀਰ ਸਿੰਘ ਕਥੂਰੀਆ, ਓਨਟਾਰੀਓ ਫ਼ਰੈਂਡਜ਼ ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਅਤੇ 'ਕਰਾਊਨ ਇੰਮੀਗਰੇਸ਼ਨ' ਦੇ ਸੰਚਾਲਕ ਰਾਜਪਾਲ ਹੋਠੀ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਪ੍ਰਧਾਨਗੀ-ਮੰਡਲ ਵਿੱਚੋਂ ਸੁਖਚਰਨਜੀਤ ਗਿੱਲ, ਸੁਰਿੰਦਰਜੀਤ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਸੁਖਦੇਵ ਸਿੰਘ ਝੰਡ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਡਾ. ਝੰਡ ਨੂੰ ਸਨਮਾਨਿਤ ਵੀ ਕੀਤਾ ਗਿਆ। ਅਖੀਰ ਵਿੱਚ ਡਾ. ਸੁਖਦੇਵ ਸਿੰਘ ਝੰਡ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਗੁਰਦੇਵ ਚੌਹਾਨ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਇੰਜੀ. ਈਸ਼ਰ ਸਿੰਘ, ਡਾ. ਰਾਜੇਸ਼ ਪੱਲਣ, ਜਗਮੇਲ ਸਿੰਘ ਜਠੌਲ, ਹਰਜਿੰਦਰ ਸਿੰਘ ਧਾਮੀ, ਸੁਰਜੀਤ ਸਿੰਘ, ਸੁਰਜੀਤ ਸਿੰਘ ਸੰਧੂ, ਦਵਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਸਰਾਂ, ਬੇਅੰਤ ਸਿੰਘ ਬਿਰਦੀ, ਨਾਹਰ ਸਿੰਘ ਔਜਲਾ, ਹੀਰਾ ਸਿੰਘ ਹੰਸਪਾਲ,ਸਮੀ ਉਲ੍ਹਾਖ਼ਾਨ, ਡਾ. ਸੁਰਿੰਦਰਜੀਤ ਕੌਰ ਗਿੱਲ, ਜਗਦੀਸ਼ ਕੌਰ ਝੰਡ, ਸੁਰਜੀਤ ਕੌਰ ਸੰਧੂ, ਮਿਸਿਜ਼ ਜਠੌਲ ਅਤੇ ਕਈ ਹੋਰ ਸ਼ਾਮਲ ਸਨ।

URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
(2021, 2018, 2015, 2014, 2013, 2012, 2011, 2010)
(2020-2018) (2018-2009) (REMAX International)
(2014)
Hall of Fame (2010)
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD

**SHELBURNE** (Simon St /Hwy 89)
ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੋ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)
ਐਂਡ ਯੂਨਿਟ ਕਾਨ੍ਹਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)
ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)
ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.
Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd, Mcvean Dr, Gore Rd, DENTISTRY, Squire Ellis Dr, Countryside Dr

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017